# ਅੰਮ੍ਰਿਤ ਕੀਰਤਨ

ੴ

ਜਨਵਰੀ 2005



ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

# Amrit Kirtan

# ਅੰਮ੍ਰਿਤ ਕੀਰਤਨ

ਸੰਗੀਤ ਅਤੇ ਕੀਰਤਨ ਸਬੰਧੀ ਤ੍ਰੈਭਾਸ਼ੀ ਮਾਸਿਕ ਪੱਤਰ
ਅੰਕ 1 ◆ ਸਾਲ ਸਤਾਰਵਾਂ ◆ ਜਨਵਰੀ 2005



ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਾਇਕ ਸੰਪਾਦਕ (ਆਨਰੇਰੀ)
**ਡਾ. ਗੁਰਮੀਤ ਸਿੰਘ ਬੈਦਵਾਣ**, ਐਮ.ਏ., ਪੀ.ਐਚ.ਡੀ

ਸਹਿਯੋਗੀ
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**



▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4.8.90 ਮਿਤੀ 20.2.91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

▲ Donations are eligible for relief u/s 80 G of Income-Tax Act, 1961 (43 of 1961) vide CIT/CHD/Tech./04-05/375 dated 30.04.2004/ 05.05.2004 valid upto 31.03.2007



**ਚੰਦੇ ਦਾ ਵੇਰਵਾ**

▲ **ਦੇਸ਼:** ਇਕ ਕਾਪੀ 15 ਰੁ., ਸਲਾਨਾ 150 ਰੁ. ਜੀਵਨ ਮੈਂਬਰ 1500 ਰੁ.

▲ **ਵਿਦੇਸ਼:** ਸਲਾਨਾ 30 $, ਜੀਵਨ ਮੈਂਬਰ 300 $

▲ 'ਅੰਮ੍ਰਿਤ ਕੀਰਤਨ' ਲਈ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।

**ਚਿੱਠੀ ਪੱਤਰ ਲਈ ਪਤਾ**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
1246/1, ਸੈਕਟਰ 22-ਬੀ, ਚੰਡੀਗੜ੍ਹ 160 022
ਫੋਨ : 0172-2701396, 2713915

**ਰਚਨਾਵਾਂ ਭੇਜਣ ਲਈ ਪਤਾ**
ਸੰਪਾਦਕ, 'ਅੰਮ੍ਰਿਤ ਕੀਰਤਨ'
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660

e-mail : drjagirsingh@rediffmail.com
Website : www.amritkirtan.org



**ਮਿਤ੍ਰ ਅਸਾਡੜੇ ਸੇਈ** 2
*ਪਾਠਕਾਂ ਦੇ ਪੱਤਰ*

**ਕਰਉ ਬੇਨੰਤੀਆ** 3
*ਸੰਪਾਦਕੀ*

**ਰਾਗ ਤੇ ਰੰਗ ਦਾ ਨੂਰ** 5
*ਬਾਵਾ ਬਲਵੰਤ*

**ਭਲੋ ਭਲੋ ਰੇ ਕੀਰਤਨੀਆ** 10
*ਡਾ. ਜਤਿੰਦਰਪਾਲ ਸਿੰਘ ਜੀ ਜੌਲੀ*

**ਰਬਾਬੀ ਭਾਈ ਗੁਲਾਮ ਮੁਹੰਮਦ ਚਾਂਦ ਦਾ ਕੀਰਤਨ** 13
*ਹਰਪਾਲ ਸਿੰਘ ਪੰਨੂੰ*

**ਸਿਧ ਛਪਿ ਬੈਠੇ ਪਰਬਤੀ, ਕਉਣ ਜਗਤ੍ਰਿ ਕਉ ਪਾਰ ਉਤਾਰਾ** 15
*ਅਨੂਪ ਸਿੰਘ*

**ਕੀਰਤਨ ਸ਼ੈਲੀ ਦਾ ਅਨਮੋਲ ਖਜ਼ਾਨਾ ਡੱਬਿਆਂ 'ਚ ਬੰਦ ਹੈ** 18
*ਸਤਿਬੀਰ ਸਿੰਘ*

**ਭਾਈ ਗੁਰਮੀਤ ਸਿੰਘ ਜੀ 'ਸ਼ਾਂਤ'** 20
*ਭਾਈ ਅਵਤਾਰ ਸਿੰਘ ਹੰਸ*

**Religion Based Census...** 21
*Er. Mohinder Singh*

**ਸੁਰ ਲਿਪੀਆਂ** 23
*ਭਾਈ ਜਸਪਾਲ ਸਿੰਘ ਜਵੱਦੀ*

**ਸੁਰ ਲਿਪੀ ਵਾਲੇ ਸ਼ਬਦਾਂ ਦੇ ਅਰਥ** 24
*ਮਨਮੋਹਨ ਸਿੰਘ*



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।



COMPUTER TYPE SETTING
sohal specials
Designers & Printers
Phone: 0172 - 5091443

# ਮਿਤ੍ਰ ਅਸਾਡੜੇ ਸੇਈ

♦ ਸਮਾਚਾਰ ਇਹ ਹੈ ਕਿ ਆਪ ਜੀ ਦਾ ਹਰ ਮਹੀਨੇ 'ਅੰਮ੍ਰਿਤ ਕੀਰਤਨ' ਰਸਾਲਾ ਬਹੁਤ ਵਧੀਆ ਹੁੰਦਾ ਹੈ। ਜੋ ਕਿ ਰਾਗੀ ਸਿੰਘਾਂ ਦੇ ਜੀਵਨੀ ਬਾਰੇ ਲੇਖ ਬਹੁਤ ਵਧੀਆ ਹੁੰਦੇ ਹਨ ਕਿਉਂਕਿ ਪੁਰਾਤਨ ਰਾਗੀ ਸਿੰਘ ਜੀਵਨੀ ਦਾ ਪਤਾ ਲਗਦਾ ਰਹਿੰਦਾ ਹੈ। ਹੋਰ ਵੀ ਬਹੁਤ ਸਾਰੇ ਲੇਖ ਅਤੇ ਸੁਰ ਲਿਪੀ ਵਿਚ ਬਹੁਤ ਕੁਝ ਮਿਲਦਾ ਹੈ। ਮੈਨੂੰ ਸਤੰਬਰ ਤੇ ਅਕਤੂਬਰ ਦਾ 'ਅੰਮ੍ਰਿਤ ਕੀਰਤਨ' ਭੇਜਣ ਦੀ ਕਿਰਪਾਲਤਾ ਕਰਨੀ ਭੁਲ ਚੁਕ ਮਾਫ ਕਰਨਾ।

*- ਦਰਸ਼ਨ ਸਿੰਘ*

*ਮਕਾਨ ਨੰ: 390, ਗਲੀ-6, ਸਰਦਾਰ ਬਸਤੀ, ਪਟਿਆਲਾ ਗੇਟ, ਸੰਗਰੂਰ*

♦ ਨਵੰਬਰ ਦਾ ਅੰਕ ਬੇਹੱਦ ਪਸੰਦ ਆਇਆ। ਭਗਵੰਤ ਸਿੰਘ ਦਿਲਾਵਰੀ ਦਾ ਲੇਖ 'ਗੁਰੂ ਗ੍ਰੰਥ ਸਾਹਿਬ ਧਾਰਮਿਕ ਸਹਿਨਸ਼ੀਲਤਾ', ਭਾਈ ਗੁਰਜੰਤ ਸਿੰਘ ਰਾਹੀ ਵਲੋਂ 'ਰਬਾਬ ਵਾਦਕ ਭਾਈ ਕੁਲਜੀਤ ਸਿੰਘ ਬਟਾਲਾ', ਗੁਰਮੁਖ ਸਿੰਘ ਸਹਿਗਲ ਦਾ ਨਾਟਕ 'ਰਾਗ ਨਾਦ ਸਭ ਸਚ ਹੈ', ਭਾਈ ਜਸਪਾਲ ਸਿੰਘ ਜਵੱਦੀ ਵਲੋਂ 'ਰਾਗ ਜੈਤਸਰੀ ਮੱਤ ਤਾਲ' ਸੁਰਲਿਪੀ ਸ਼ਲਾਘਾਯੋਗ ਸਨ। ਪ੍ਰਸਿੱਧ ਰਾਗੀ ਕਲਾਸੀਕਲ ਦੇ ਮਾਹਰ ਭਾਈ ਦਿਲਬਾਗ ਸਿੰਘ ਦੀ ਜੋੜੀ ਵਿਚਲੇ ਭਾਈ ਦਿਲਬਾਗ ਸਿੰਘ ਜੀ ਦੇ ਅਕਾਲ ਚਲਾਣੇ ਨਾਲ ਸੰਗੀਤ ਜਗਤ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਪ੍ਰਮਾਤਮਾ ਉਨ੍ਹਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ੇ ਸਾਨੂੰ ਉਹ ਸਾਰੇ ਨਕਸ਼ੇ ਕਦਮ 'ਤੇ ਚੱਲਣ ਦੀ ਤਾਕਤ ਬਖ਼ਸ਼ੇ। ਮਲੋਟ ਨੇੜੇ ਪਿੰਡ ਗੁਰੂਸਰ ਦੀ ਪੰਚਾਇਤ ਨੇ ਵਿਆਹ ਸ਼ਾਦੀਆਂ ਤੇ ਭੋਗਾ ਸਬੰਧੀ ਕੀਰਤਨ ਤੇ ਪਾਬੰਦੀ ਲਾ ਦਿੱਤੀ ਹੈ। ਇਹ ਬਹੁਤ ਗਲਤ ਗੱਲ ਹੈ। ਗੁਰੂ ਸਾਹਿਬ ਵਲੋਂ ਚਲਾਈ ਸ਼ਬਦ ਕੀਰਤਨ ਦੀ ਮਰਿਆਦਾ ਦੀ ਉਲੰਘਣਾ ਹੈ।

*- ਪ੍ਰੋ. ਮੰਗਤ ਸਿੰਘ ਮਸਤਾਨਾ*

*ਮਾਰਫਤ ਅਸ਼ੋਕਾ ਰਿਫਰੈਸ਼ਮੈਂਟ, ਮੰਡੀ ਹਰਜੀਰਾਮ ਮਲੋਟ, ਮੁਕਤਸਰ*

♦ ਬਾਣੀ ਦਾ ਬਾਕੀ ਗ੍ਰੰਥਾਂ ਦੇ ਲੇਖਾਂ ਨਾਲ ਤੁਲਨਾਤਮਕ ਅਧਿਐਨ ਕਰਕੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼੍ਰੇਸ਼ਟਤਾ ਸਿੱਧ ਕਰਨ ਦਾ ਇਹ ਉਪਰਾਲਾ ਕਰਨ ਨਾਲ ਬਬਲੀ ਜੀ ਨੇ ਭੁੱਲੇ ਵਿਸਰੇ ਗੁਰੂ ਪੰਥ ਤੋਂ ਲਾਂਭੇ ਜਾ ਰਹੇ ਲੋਕਾਂ ਨੂੰ ਕਿਸੇ ਹੋਰ ਭਟਕਣ ਵਿਚ ਫਸਣ ਤੋਂ ਸੁਚੇਤ ਕਰਨ ਦਾ ਯਤਨ ਕੀਤਾ ਹੈ।

ਜੇ ਕਿਤੇ ਬਾਣੀ ਦੇ ਨਾਲ ਗੁਰੂ ਸਾਹਿਬ ਵਲੋਂ ਦਰਸਾਈਆਂ ਰਹਿਤਾਂ ਤੇ ਬਾਣੇ ਨੂੰ ਉਹ ਚਿੱਤਰਕਾਰੀ ਰਾਹੀਂ ਦਰਸਾ ਦੇਣ ਫਿਰ ਕਲਮ ਤੇ ਰੰਗਾਂ ਦਾ ਸੁਮੇਲ ਭਟਕਦੇ ਮਨਾਂ 'ਤੇ ਸ਼ਾਇਦ ਕਿਤੇ ਗੂੜ੍ਹੀ ਛਾਪ ਛੱਡੇ।

*- ਸੁਰਿੰਦਰ c/o ਕੁਲਵੰਤ ਸਿੰਘ*

*ਲੈਕਚਰਾਰ, ਸੰਤ ਹਰਚੰਦ ਸਿੰਘ ਲੌਂਗੋਵਾਲ ਇੰਸਟੀਚਿਊਟ ਆਫ ਇੰਜੀਨੀਅਰਿੰਗ ਐਂਡ ਟੈਕਨੋਲੋਜੀ, ਲੌਂਗੋਵਾਲ, ਸੰਗਰੂਰ*

# ਕਰਉ ਬੇਨੰਤੀਆ

## ਗੁਰਮਤਿ ਸੰਗੀਤ ਦਾ ਸਨਮਾਨ

ਇਸ ਸਾਲ ਨੂੰ ਗੁਰਮਤਿ ਸੰਗੀਤ ਦਾ ਸਨਮਾਨ ਸਾਲ ਕਿਹਾ ਲਿਆ ਜਾਵੇ ਤਾਂ ਕੋਈ ਅਤਿ ਕਥਨੀ ਨਹੀਂ ਹੋਵੇਗੀ।

ਇਸ ਸਾਲ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਗੁਰਮਤਿ ਸੰਗੀਤ ਦੀ ਐਮ. ਏ. ਪੱਧਰ ਦੀ ਪੜ੍ਹਾਈ ਸ਼ੁਰੂ ਕਰ ਦਿੱਤੀ ਗਈ। ਖੇਤਰ ਵਿਚੋਂ ਬਹੁਤ ਭਰਵਾਂ ਹੁੰਗਾਰਾ ਮਿਲਿਆ। ਪਹਿਲਾਂ ਵਿਭਾਗ ਵਿਚ ਕੇਵਲ 10 ਸੀਟਾਂ ਰੱਖੀਆਂ ਗਈਆਂ ਸਨ ਪਰ ਬਾਅਦ ਵਿਚ ਵਧਾ ਕੇ 20 ਕਰਨੀਆਂ ਪਈਆਂ।

ਇਸ ਸਾਲ ਭਾਸ਼ਾ ਵਿਭਾਗ ਵਲੋਂ ਜਿਹੜੇ ਇਨਾਮ ਦਿੱਤੇ ਗਏ ਉਹ ਵੀ ਗੁਰਮਤਿ ਸੰਗੀਤ ਦੇ ਖੇਤਰ ਦੀਆਂ ਉਹਨਾਂ ਹਸਤੀਆਂ ਨੂੰ ਪ੍ਰਾਪਤ ਹੋਏ ਜਿਹਨਾਂ ਦਾ ਇਸ ਖੇਤਰ ਵਿਚ ਉੱਘਾ ਯੋਗਦਾਨ ਹੈ। ਭਾਈ ਗੁਲਾਮ ਮੁਹੰਮਦ ਚਾਂਦ, ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਪ੍ਰਸਿੱਧ ਕੀਰਤਨੀਏ ਭਾਈ ਚਾਂਦ ਦੇ ਭਤੀਜੇ ਹਨ। ਇਹ ਲਾਹੌਰ ਵਿਚ ਰਹਿੰਦੇ ਹਨ। ਉਥੇ ਮੁਸ਼ਕਲ ਹਾਲਾਤਾਂ ਵਿਚ ਵੀ ਗੁਰਮਤਿ ਸੰਗੀਤ ਦੀ ਸੇਵਾ ਕਰ ਰਹੇ ਹਨ।

ਭਾਈ ਬਲਜੀਤ ਸਿੰਘ ਨਾਮਧਾਰੀ ਕਲਾਸੀਕਲ ਰਾਗਾਂ ਵਿਚ ਕੀਰਤਨ ਕਰਦੇ ਹਨ। ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਹ ਤੰਤੀ ਸਾਜ਼ਾਂ ਨਾਲ ਕੀਰਤਨ ਕਰਦੇ ਹਨ।

ਡਾ. ਗੁਰਨਾਮ ਸਿੰਘ ਲੰਮੇ ਤੋਂ ਅਕਾਦਮਿਕ ਖੇਤਰ ਵਿਚ ਗੁਰਮਤਿ ਸੰਗੀਤ ਨੂੰ ਬਣਦਾ ਸਥਾਨ ਦਿਵਾਉਣ ਵਿਚ ਜਤਨਸ਼ੀਲ ਹਨ। ਆਪ ਇਕ ਚੰਗੇ ਖੋਜਕਾਰ ਅਤੇ ਕੀਰਤਨੀਏ ਹਨ। ਉਨ੍ਹਾਂ ਦੀਆਂ ਕੈਸਟਾਂ ਅਤੇ ਪੁਸਤਕਾਂ ਉਨ੍ਹਾਂ ਵਿਦਵਾਨਾਂ ਦੇ ਸ਼ੰਕਿਆਂ ਦਾ ਭਰਪੂਰ ਉੱਤਰ ਦਿੰਦੀਆਂ ਹਨ ਜਿਹੜੇ ਗੁਰਮਤਿ ਸੰਗੀਤ ਨੂੰ ਸੰਗੀਤ ਮੰਨਣ ਲਈ ਤਿਆਰ ਨਹੀਂ। ਪੰਜਾਬੀ ਯੂਨੀਵਰਸਿਟੀ ਵਿਚ ਗੁਰਮਤਿ ਸੰਗੀਤ ਚੇਅਰ ਦੀ ਸਥਾਪਨਾ, ਗੁਰਮਤਿ ਸੰਗੀਤ ਦੀ ਐਮ.ਏ. ਸ਼ੁਰੂ ਕਰਨ ਵਿਚ ਉਨ੍ਹਾਂ ਦਾ ਵੱਡਾ ਯੋਗਦਾਨ ਹੈ।

ਪਿਛਲੇ ਮਹੀਨੇ ਪੰਜਾਬ ਸੰਗੀਤ ਨਾਟਕ ਅਕਾਦਮੀ ਵਲੋਂ ਗੁਰਮਤਿ ਸੰਗੀਤ ਦੇ ਬਜ਼ੁਰਗ ਸੰਗੀਤਕਾਰ ਪ੍ਰਸਿੱਧ ਕੀਰਤਨੀਏ ਭਾਈ ਗੁਰਚਰਨ ਸਿੰਘ ਅਤੇ ਭਾਈ ਅਵਤਾਰ ਸਿੰਘ ਨੂੰ ਸਨਮਾਨਿਤ ਕੀਤਾ ਗਿਆ। ਇਸ ਖੇਤਰ ਵਿਚ ਪੰਜਾਬ ਸੰਗੀਤ ਨਾਟਕ ਅਕਾਦਮੀ ਦਾ ਇਹ ਪਹਿਲਾ ਪੁਰਸਕਾਰ ਹੈ। ਇਸ ਲਈ ਸਭ ਨੂੰ ਪੰਜਾਬ ਸੰਗੀਤ ਨਾਟਕ ਅਕਾਦਮੀ ਦੀ ਸ਼ਲਾਘਾ ਕਰਨੀ ਚਾਹੀਦੀ ਹੈ।

ਭਾਈ ਗੁਰਚਰਨ ਸਿੰਘ ਟਕਸਾਲੀ ਕੀਰਤਨੀਏ ਹਨ। ਧਰੁਪਦ ਅੰਗ ਅਤੇ ਪੜਤਾਲ ਗਾਇਕੀ ਵਿਚ ਮਾਹਿਰ ਹਨ। ਇਸ ਦੇ ਨਾਲ ਨਾਲ ਉਹ ਚੰਗੇ ਕਥਾਕਾਰ ਅਤੇ ਲੇਖਕ ਵੀ ਹਨ। ਉਨ੍ਹਾਂ 6 ਪੁਸਤਕਾਂ ਲਿਖੀਆਂ ਹਨ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਪ੍ਰਕਾਸ਼ਿਤ ਪੁਸਤਕ 'ਗੁਰਬਾਣੀ ਸੰਗੀਤ ਪ੍ਰਾਚੀਨ ਗੀਤ ਰਤਨਾਵਲੀ' ਵਿਚ ਉਹ ਆਪਣੇ ਭਰਾਤਾ ਭਾਈ ਅਵਤਾਰ ਸਿੰਘ ਨਾਲ ਸਹਿ ਲੇਖਕ ਹਨ ਅਤੇ 'ਕੀਰਤਨ ਨਿਰਮੋਲਕ ਹੀਰਾ' ਅਤੇ 'ਸੰਗੀਤ ਕਲਾ' ਉਨ੍ਹਾਂ ਦੀਆਂ ਆਪਣੀਆਂ ਰਚਨਾਵਾਂ ਹਨ। ਇਹ ਦੋਵੇਂ ਪੁਸਤਕਾਂ ਗੁਰਮਤਿ ਸੰਗੀਤ ਸਾਹਿਤ ਨੂੰ ਅਮੀਰ ਬਣਾਉਂਦੀਆਂ ਹਨ।

ਭਾਈ ਅਵਤਾਰ ਸਿੰਘ, ਭਾਈ ਗੁਰਚਰਨ ਸਿੰਘ ਦੇ ਛੋਟੇ ਭਰਾਤਾ ਹਨ। ਆਪ ਵੀ ਧਰੁਪਦ ਅਤੇ ਪੜਤਾਲ ਗਾਇਕੀ ਦੇ ਮਾਹਿਰ ਹਨ। ਆਪ 'ਗੁਰਬਾਣੀ ਸੰਗੀਤ ਪ੍ਰਾਚੀਨ ਗੀਤ ਰਤਨਾਵਲੀ' ਪੁਸਤਕ ਵਿਚ ਦਿੱਤੀਆਂ ਗੀਤਾਂ ਦੀ ਰਿਕਾਰਡਿੰਗ ਵੀ ਕਰਵਾ ਰਹੇ ਹਨ। ਇਸ ਨਾਲ ਗੁਰਮਤਿ ਸੰਗੀਤ ਦੇ ਵਿਦਿਆਰਥੀਆਂ ਅਤੇ ਕੀਰਤਨੀਆਂ ਨੂੰ ਭਰਪੂਰ ਸਹਾਇਤਾ ਪ੍ਰਾਪਤ ਹੋਵੇਗੀ ਅਤੇ ਇਹਨਾਂ ਦੇ ਪਰਿਵਾਰ ਵਿਚ ਭਾਈ ਬਲਦੀਪ ਸਿੰਘ ਪੁਰਾਤਨ ਕੀਰਤਨ ਮਰਯਾਦਾ ਉਪਰ ਬੜੀ ਲਗਨ ਨਾਲ ਖੋਜ ਕਰ ਰਹੇ ਹਨ। ਇਸ ਸਬੰਧੀ ਉਹਨਾਂ ਵਲੋਂ ਤਿਆਰ ਕੀਤੀਆਂ ਸੀ. ਡੀਜ਼ ਇਕ ਅਦੁੱਤੀ ਯੋਗਦਾਨ ਹੈ।

ਸਾਡੀ ਬੇਨਤੀ ਹੈ ਕਿ ਸਿੱਖ ਜਗਤ ਦੀ ਸਿਰਮੌਰ ਜਥੇਬੰਦੀ ਦਰਬਾਰ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਦੇ ਨਾਲ ਨਾਲ ਹੋਰ ਗੁਰਦੁਆਰਾ ਸਾਹਿਬਾਨ ਵਿਚ ਟਕਸਾਲੀ ਕੀਰਤਨ ਮਰਯਾਦਾ ਨੂੰ ਪੁਨਰ ਸੁਰਜੀਤ ਕਰੇ ਅਤੇ ਇਸ ਖੇਤਰ ਵਿਚ ਕੰਮ ਕਰ ਕੀਰਤਨਕਾਰਾਂ ਅਤੇ ਵਿਦਵਾਨਾਂ ਨੂੰ ਉਤਸ਼ਾਹਿਤ ਕਰੇ।

ਆਓ ਸਾਰੇ ਰਲ ਕੇ ਨਵੇਂ ਸਾਲ ਦਾ ਖਿੜੇ ਮੱਥੇ ਸਵਾਗਤ ਕਰਦਿਆਂ ਸਭ ਦੀਆਂ ਖੁਸ਼ੀਆਂ ਅਤੇ ਖੇੜਿਆਂ ਲਈ ਅਰਦਾਸਾਂ ਕਰੀਏ।

# ਰਾਗ ਤੇ ਰੰਗ ਦਾ ਨੂਰ

**ਬਾਵਾ ਬਲਵੰਤ : ਰਾਗ ਤੇ ਰੰਗ ਦਾ ਨੂਰ ਪੁਸਤਕ 'ਚੋਂ ਧੰਨਵਾਦ ਸਹਿਤ**

ਹਰ ਪ੍ਰਤਿਭਾਸ਼ਾਲੀ ਤੇ ਸ੍ਰੇਸ਼ਟ ਕਲਾਕਾਰ, ਆਪਣੀ ਕਲਾ ਵਿਚ ਕੁਝ ਨਵੇਂ ਤੇ ਮੌਲਿਕ 'ਤੱਤ' ਜ਼ਰੂਰ ਪ੍ਰਗਟ ਕਰਦਾ ਹੈ। ਮੌਲਿਕ-ਤੱਤ, ਰੂਪਗਤ ਅਤੇ ਵਸਤੂਗਤ, ਕਲਾ-ਪੱਖ ਤੇ ਭਾਵ-ਪੱਖ ਦੋਵੇਂ ਪ੍ਰਕਾਰ ਦੇ ਹੋਣਗੇ। ਆਪਦੇ ਵਿਚਾਰਾਂ, ਭਾਵਾਂ ਤੇ ਅਨੁਭੂਤੀ ਵਿਚ ਉਹ ਕੁਝ ਨਾ ਕੁਝ ਨਵੀਨਤਾ ਜ਼ਰੂਰ ਪ੍ਰਗਟ ਕਰਦਾ ਹੈ।

ਕਲਾ ਪ੍ਰਾਚੀਨ ਪ੍ਰਾਪਤੀਆਂ ਦਾ ਕੇਵਲ ਅਨੁਕਰਣ ਮਾਤਰ ਹੀ ਨਹੀਂ ਹੁੰਦੀ। ਸ਼੍ਰੇਸ਼ਟ ਕਲਾ ਪਰੰਪਰਾ ਦੇ ਹੁਨਰ ਵਿਚ ਵਿਕਾਸ ਦੇ ਨਵੇਂ ਤੇ ਮੌਲਿਕ ਤੱਤ ਵੀ ਜੋੜਦੀ ਹੈ ਤੇ ਪਰੰਪਰਾ ਦੇ ਉੱਤਮ ਗੁਣਾਂ ਨੂੰ ਨਾਲ ਲੈ ਕੇ ਤੁਰਦੀ ਹੈ।

ਪ੍ਰਾਚੀਨ ਤੇ ਅਤੀਤ ਦੀਆਂ ਪ੍ਰਾਪਤੀਆਂ ਤੋਂ ਬਿਨਾਂ, ਕਲਾ ਇਕ ਕਦਮ ਵੀ ਅੱਗੇ ਨਹੀਂ ਵੱਧ ਸਕਦੀ, ਉਸ ਨੂੰ ਤਾਂ ਸਗੋਂ ਹਜ਼ਾਰਾਂ ਸਾਲਾਂ ਦੀ ਤਪੱਸਿਆ ਤੇ ਸਾਧਨਾ ਦਾ ਫਲ ਵਿਰਸੇ ਵਿਚ ਮਿਲ ਜਾਂਦਾ ਹੈ। ਉਸ ਵਿਚ ਨਵੇਂ ਤੇ ਮੌਲਿਕ ਗੁਣ ਜੋੜ ਕੇ ਪ੍ਰਤਿਭਾਸ਼ਾਲੀ ਤੇ ਸ਼੍ਰੇਸ਼ਟ ਕਲਾਕਾਰ ਆਪਣੇ ਭਾਵਾਂ, ਅਨੁਭਵਾਂ ਅਤੇ ਕਲਿਆਣਕਾਰੀ ਉਦਗਾਰਾਂ ਨੂੰ ਪ੍ਰਗਟ ਕਰਦਾ ਹੈ।

ਚਿੱਤਰਕਾਰ ਜਸਵੰਤ ਸਿੰਘ ਵੀ ਇਕ ਮੌਲਿਕ, ਵਿਚਾਰਵਾਨ, ਸੁਲਝਿਆ ਹੋਇਆ, ਸੂਖਤਾਵਾਦੀ ਤੇ ਦਾਰਸ਼ਨਿਕ ਕਲਾਕਾਰ ਹੈ। ਰਾਗਾਂ ਦੇ ਅਤਿ ਪ੍ਰੇਮ ਹੋਣ ਦੇ ਨਾਤੇ, ਅਸੀਂ ਉਨ੍ਹਾਂ ਦੀਆਂ ਰਾਗਾਂ ਸਬੰਧੀ ਤਸਵੀਰਾਂ ਦਾ ਜ਼ਿਕਰ ਏਥੇ ਕਰਾਂਗੇ।

ਉਨ੍ਹਾਂ ਦੇ ਰਾਗ-ਚਿੱਤਰ ਬੜੇ ਅਨੋਖੇ ਤੇ ਨਿਰਾਲੇ ਹਨ। ਆਮ ਤੌਰ ਤੇ ਸਾਡੇ ਕਲਾਕਾਰ ਰਾਗ ਤੇ ਰਾਗਨੀਆਂ ਨੂੰ ਕਾਂਗੜੇ ਤੇ ਰਾਜਪੂਤ ਸ਼ੈਲੀਆਂ ਵਿਚ ਚਿੱਤਰ ਕੇ ਹੀ ਸੰਤੁਸ਼ਟ ਹੋ ਜਾਂਦੇ ਹਨ ਪਰ ਕਲਾਕਾਰ ਜਸਵੰਤ ਸਿੰਘ ਅਜਿਹਾ ਨਹੀਂ ਕਰਦਾ। ਉਹ ਆਧੁਨਿਕ ਚਿੱਤਰਸ਼ੈਲੀ ਵਿਚ ਆਪਣੀ ਮੌਲਿਕ ਸ਼ੈਲੀ ਨੂੰ ਜਨਮ ਦੇਂਦਾ ਹੈ ਪਰ ਪਰੰਪਰਾ ਦੀਆਂ ਖੂਬੀਆਂ ਵੀ ਉਸ ਵਿਚ ਮੌਜੂਦ ਹੁੰਦੀਆਂ ਹਨ। ਇਹ ਖੂਬੀਆਂ ਰੰਗ ਵਿਧਾਨ, ਚਿੱਤਰ-ਫਲਕ ਤੇ ਭਾਵਾਤਮਕ ਪੱਧਤੀ ਤੋਂ ਪ੍ਰਗਟ ਹੁੰਦੀਆਂ ਹਨ। ਰੂਪ ਵਿਧਾਨ ਨਵਾਂ ਹੋਣ ਤੇ ਵੀ, ਪਰੰਪਰਾਗਤ 'ਰਾਗ ਦੀ ਰੂਹ' ਹਰ ਤਸਵੀਰ ਵਿਚ ਜਗਮਗਾਂਦੀ ਤੇ ਸਗੋਂ ਉਘੜਦੀ ਨੁਹਾਰ ਵਿਚ ਨਜ਼ਰ ਆਉਂਦੀ ਹੈ।

ਭਾਰਤੀ ਲਲਿਤ ਕਲਾਵਾਂ ਦਾ ਪ੍ਰੇਮੀ ਜਸਵੰਤ ਸਿੰਘ ਜਦ ਘੜੀਆਂ ਬੱਧੀ ਰਾਗ ਦਾ ਰਿਆਜ਼ ਕਰਦਾ ਹੈ ਤਾਂ ਰਾਗ ਦੀਆਂ ਗੁਣਾਤਮਿਕ ਸੂਰਤਾਂ ਉਸ ਦੇ ਸਾਹਮਣੇ ਆ ਹਾਜ਼ਰ ਹੁੰਦੀਆਂ ਹਨ। ਵੱਖ-ਵੱਖ ਰਾਗਾਂ ਵਿਚ ਵੱਖ-ਵੱਖ ਸੂਰਤਾਂ ਉਸ ਦੀ ਆਤਮਾ ਵਿਚ ਬੈਠ ਜਾਂਦੀਆਂ ਹਨ ਤੇ ਫਿਰ ਸਮਾਂ ਪਾ ਕੇ ਉਹ ਸੂਰਤਾਂ ਅਨੋਖੇ ਰੂਪਾਂ ਵਿਚ ਮੂਰਤੀਮਾਨ ਹੁੰਦੀਆਂ ਹਨ। ਉਸ ਦੇ ਚਿੱਤਰਾਂ ਦੀ ਵਿਲੱਖਣਤਾ ਵਿਚ ਉਸ ਦਾ ਮੌਲਿਕ ਦ੍ਰਿਸ਼ਟੀਕੋਣ ਸਹਾਇਕ ਹੁੰਦਾ ਹੈ।

ਅਸੀਂ ਉਨ੍ਹਾਂ ਦੇ ਪ੍ਰਸਿੱਧ ਚਿੱਤਰ 'ਬਹਾਰ' ਤੋਂ ਉਨ੍ਹਾਂ ਦੀ ਵਿਲੱਖਣਤਾ ਦਾ ਜ਼ਿਕਰ ਕਰਦੇ ਹਾਂ। ਇਸ ਤਰ੍ਹਾਂ ਪ੍ਰਾਚੀਨ ਤੇ ਅਰਵਾਚੀਨ ਚਿੱਤਰਾਂ ਦੀਆਂ ਖੂਬੀਆਂ ਦਾ ਪੂਰੀ ਤਰ੍ਹਾਂ ਪਤਾ ਲੱਗ ਸਕੇਗਾ। ਰਾਗ 'ਬਹਾਰ' ਦੇ ਬਾਰੇ ਰਾਗਾਚਾਰੀਆਂ ਨੇ ਲਿਖਿਆ ਹੈ:

ਮਲ ਹਰ ਪ੍ਰਿਯ ਤੇ ਮਧੁਰ,
ਰਾਗ 'ਬਹਾਰ' ਨਿਹਾਰ,
ਰੂਪ ਅਧੁਨਿਕ ਹੈ ਪ੍ਰਕ੍ਰਿਤ,
ਚੰਚਲ ਸੁਖਦ ਵਿਚਾਰ।
ਸ ਮ ਸਮਵਾਦ ਨਿਹਾਰ ਉਰ,
ਮ ਧ ਸੰਗਤ ਸੁਖਦੈਨ,
ਰਿਤੂ-ਬਸੰਤ ਮੇ ਰਾਗ ਇਹ,
ਅਤਿ ਉਪਜਾਵਤ ਚੈਨ।
ਨਾਨਾ ਰੂਪ ਕੇ ਲਖਹੁ,
ਰਾਗ ਬਹਾਰ-ਬਹਾਰ,
ਯੋਗਜ ਰੂਪ ਪਿਛਾਨ ਕੇ,
ਗਾਵਹੁ ਨਿਯਮ ਵਿਚਾਰ।

ਬਹਾਰ ਰਾਗ ਹਰ ਪ੍ਰਿਯ-ਥਾਟ ਤੋਂ ਉਤਪੰਨ ਹੁੰਦਾ ਹੈ। ਇਸ ਦਾ ਰੂਪ ਨਵੀਨ ਹੈ। ਇਸ ਰਾਗ ਦਾ ਸੁਭਾਅ ਚੜ੍ਹਾ ਚੰਚਲ ਹੈ ਤੇ ਇਹ ਬਹੁਤ ਹੀ ਸੁਖਦਾਇਕ ਹੈ। ਬਸੰਤ ਰਿਤੁ ਵਿਚ ਇਸ ਦਾ ਗਾਇਨ ਬਹੁਤ ਹੀ ਆਨੰਦ ਪ੍ਰਦਾਨ ਕਰਦਾ ਹੈ।

ਬਹਾਰ ਰਾਗ ਦਾ ਪੁਰਾਣਾ ਤੇ ਨਵਾਂ ਚਿੱਤਰ

ਪੁਰਾਣੀ ਕਾਂਗੜਾ ਸ਼ੈਲੀ ਦਾ ਚਿੱਤਰ ਬੜਾ ਸੁਖਦ ਵਾਤਾਵਰਨ ਭਰਪੂਰ ਹੈ।

ਚਿੱਤਰ ਵਿਚ ਤਰ੍ਹਾਂ-ਤਰ੍ਹਾਂ ਦੇ ਫੁੱਲ ਖਿੜੇ ਹਨ। ਸਾਵੇ ਦਰਖ਼ਤਾਂ ਉਤੇ ਪੰਛੀ ਕਲੋਲ ਕਰ ਰਹੇ ਹਨ। ਰਾਧਾ ਤੇ ਕ੍ਰਿਸ਼ਨ ਦੀ ਜੋੜੀ ਸੁੰਦਰ ਬਸਤਰ ਪਾਈ, ਕੁਦਰਤ ਦੀਆਂ ਰੰਗੀਨੀਆਂ ਦੇਖਣ ਵਿਚ ਮਸਤ ਹੈ।

ਪਰ ਕਲਾਕਾਰ ਜਸਵੰਤ ਸਿੰਘ ਨੇ ਇਸ ਰਾਗ ਨੂੰ ਅਨੋਖੀ ਤਰ੍ਹਾਂ ਅੰਕਿਤ ਕੀਤਾ ਹੈ। ਸਭ ਤੋਂ ਮੁੱਖ ਵਿਲੱਖਣਤਾ ਉਨ੍ਹਾਂ ਦੇ ਚਿੱਤਰ ਵਿਚ ਇਹ ਨਜ਼ਰ ਆਉਂਦੀ ਹੈ ਕਿ ਉਨ੍ਹਾਂ ਨੇ ਮਨੁੱਖੀ 'ਸੂਰਤ' ਨੂੰ ਆਪਣਾ ਮਾਧਿਅਮ ਨਹੀਂ ਬਣਾਇਆ ਬਲਕਿ ਕੁਦਰਤ ਦੇ ਅਸਲ ਰੂਪ ਵਿਚੋਂ ਹੀ 'ਬਹਾਰ' ਦੀ ਵਿਸ਼ੇਸ਼ ਸੂਰਤ ਨੂੰ ਨਵੀਂ ਨੁਹਾਰ ਦਿੱਤੀ ਹੈ ਤੇ ਇਕ ਖਾਸ ਚਿੱਤਰ ਦਾ ਨਿਰਮਾਣ ਕੀਤਾ ਹੈ। ਚਿੱਤਰ-ਫਲਕ ਦੇ ਹਲਕੇ-ਹਲਕੇ ਨੀਲੇ-ਪੀਲੇ ਤੇ ਹਲਕੇ ਗੁਲਾਬੀ ਫੁੱਲ ਹਨ, ਸਬਜ਼ ਘਾਹ ਤੇ ਪੱਤੀਆਂ ਦਾ ਚੁਫੇਰਾ ਹੈ ਪਰ ਦਰਮਿਆਨ ਵਿਚ ਪੰਜ ਵੱਡੀਆਂ ਪੱਤੀਆਂ ਦੇ ਵਿਚ ਖ਼ੂਬਸੂਰਤ ਤਰੀਕੇ ਨਾਲ ਬੰਸਰੀ ਸਜਾਈ ਗਈ ਹੈ। ਭਾਸਦਾ ਹੈ ਕਿ ਮਧੁਰ ਸਮੀਰ ਵਗਦੀ ਹੈ, ਜੋ ਫੁੱਲਾਂ ਦੀ ਸੁਗੰਧ ਨੂੰ ਦੂਰ-ਦੂਰ ਫੈਲਾ ਰਹੀ ਹੈ, ਸੁਗੰਧ ਜੋ ਜੀਵਨ ਨੂੰ ਬਹਾਰ ਦੀ ਤਾਜ਼ਗੀ ਪ੍ਰਦਾਨ ਕਰਦੀ ਹੈ। ਉਹ ਹੁਨਾਲ ਦੀ ਜਾਗ੍ਰਤੀ ਦਾ ਸੰਦੇਸ਼ ਵੀ ਹੈ। ਇਹੋ ਬਹਾਰ ਦਾ ਸੁਖਦ ਤੇ ਚੇਤਨ ਰਾਗ ਹੈ। ਇਹ ਜੀਵਨ ਦੇ ਖੇੜੇ (ਆਸ਼ਾਵਾਦ) ਤੇ ਅਮਲ ਦਾ ਪ੍ਰਤੀਕ ਹੈ।

**ਸਿਰੀ ਰਾਗੁ**

ਜਿਨ ਮਾਨੇ ਸ਼ਟ ਰਾਗ ਹੀ,
ਜਨਕ ਰੂਪ ਕੇ ਮਾਂਹਿ,
ਤਿਨਕੇ ਮਤ ਪ੍ਰਥਮ ਲੁਖਹੁ,
ਸ੍ਰੀ ਰਾਗ ਕੀ ਛਾਂਹਿ।
ਪੁਰਸ਼ ਰਾਗ ਸ਼ਟ ਮਾਨ ਕੇ,
ਜਨਕ ਰੂਪ ਕਹਿ ਦੀਨ,
ਤੇ ਔੜਵ ਰਸ ਰਾਗ ਹੈਂ,
ਤਿਸ ਆਦਿਮ ਯਹ ਚੀਨ।
ਸਾਂਝ ਸਮੇਂ ਗਾਵਹੁ ਮਧੁਰ,
ਅਤਿ ਗੰਭੀਰ ਯੇ ਰਾਗ,
ਸ਼੍ਰੋਤਾ, ਗਾਯਕ ਸਬਹਿ ਨੌਂ,
ਸੁੱਖਤ ਦੇਤ ਅਨੁਰਾਗ।

ਜੋ ਸ਼ਾਸਤਰੀ ਤੇ ਗੁਣੀ ਰਾਗਾਚਾਰੀਆਂ ਛੀ ਜਨਕ ਰਾਗ ਮੰਨਦੇ ਹਨ, ਉਹ ਛੀਆਂ ਰਾਗਾਂ ਵਿਚੋਂ ਇਸ ਨੂੰ ਪਹਿਲਾ ਰਾਗ ਮੰਨਦੇ ਹਨ ਤੇ ਇਸ ਨੂੰ ਸਭ ਤਾ ਜਨਕ ਰਾਗ ਵੀ ਕਹਿੰਦੇ ਹਨ, ਇਹ ਛੇ ਰਾਗ 'ਔੜਵ' ਹਨ ਤੇ ਇਹੋ ਸਭ ਦੇ ਜਨਮ ਦਾਤਾ ਹਨ। ਪੰਜ ਤੱਤ ਰੂਪੀ, ਪੰਜ ਸੁਰਾਂ ਤੇ ਪ੍ਰਗਟ ਹੋਣ ਵਾਲੇ ਪਿਤਾ ਔੜਵ ਹਨ। ਇਹ ਸੰਪੂਰਨ ਰਾਗਾਂ ਦੇ ਜਨਕ ਹਨ। ਸ੍ਰੀ ਰਾਗ ਦਾ ਸੁਭਾ ਬੜਾ ਗੰਭੀਰ ਹੈ। ਇਹ ਸ਼ਾਮ ਵੇਲੇ ਗਾਇਆ ਜਾਂਦਾ ਹੈ। ਇਹ ਰਾਗ ਸਰੋਤਿਆਂ ਤੇ ਗਾਉਣ ਵਾਲਿਆਂ ਦੋਵਾਂ ਲਈ ਕਲਿਆਣਕਾਰੀ ਹੈ ਤੇ ਇਹ ਮੁੱਖ ਅਨੁਰਾਗ ਪ੍ਰਦਾਨ ਕਰਦਾ ਹੈ।

ਸ੍ਰੀ ਰਾਗ ਦਾ ਪੁਰਾਣਾ ਚਿੱਤਰ ਵੀ ਬੜਾ ਭਾਵ ਪੂਰਤ ਤੇ ਸੁੰਦਰ ਹੈ। ਇਕ ਕੰਵਲਾਂ ਨਾਲ ਭਰੀ ਝੀਲ ਹੈ ਤੇ ਝੀਲ ਦੇ ਦਰਮਿਆਨ 'ਕੰਵਲ-ਆਸਨ' ਤੇ ਇਕ ਦੇਵਤਾ ਬਿਰਾਜਮਾਨ ਹੈ। ਪੰਜ ਛੇ ਦੇਵੀਆਂ ਦੇਵਤੇ ਨਾਲ ਜਲ-ਕ੍ਰੀੜਾ ਕਰ ਰਹੇ ਹਨ। ਦੇਵੀਆਂ ਰਾਗਨੀਆਂ ਤੇ ਲਲਿਤ ਕਲਾਵਾਂ ਦਾ ਰੂਪ ਹਨ। ਜਲ ਰਾਗ ਦੀ ਲੈਅ ਹੈ ਜੋ ਦਿਵ ਨਿਰਮਲਤਾ ਦਾ ਪ੍ਰਤੀਕ ਹੈ। ਰਾਗਨੀਆਂ ਆਪਣੇ ਇਸ਼ਟ ਦੇਵ ਤੇ ਜਲ ਚੜ੍ਹਾ ਕੇ ਪੂਜਾ ਕਰ ਰਹੀਆਂ ਹਨ ਇਸ ਤੋਂ ਸਿੱਧ ਹੁੰਦਾ ਹੈ ਕਿ ਇਹ ਸਰਵ ਪ੍ਰਥਮ ਤੇ ਜਨਕ ਰਾਗ ਹੈ।

ਪਰ ਜਸਵੰਤ ਸਿੰਘ ਨੇ 'ਸ੍ਰੀਰਾਗ' ਨੂੰ ਵਚਿੱਤਰ ਢੰਗ ਨਾਲ ਰੂਪਮਾਨ ਕੀਤਾ ਹੈ। ਟੈਂਪਰਾ ਰੰਗਾਂ ਵਿਚ ਬਣਾਇਆ ਗਿਆ ਇਹ ਸੁੰਦਰ ਚਿੱਤਰ ਹੈ। ਇਸ ਦਾ ਰੰਗ ਵਿਧਾਨ ਪੀਲੇ ਤੇ ਸਲੇਟੀ ਰੰਗਾਂ ਦੇ ਸੁਮੇਲ ਤੋਂ ਪ੍ਰਭਾਵਸ਼ਾਲੀ ਮਲੂਮ ਹੁੰਦਾ ਹੈ। ਇਹ ਦੋਵੇਂ ਰੰਗ ਜੋ ਹਲਕੇ ਭਾਰੀ ਹੋ ਕੇ ਕਈ ਵਰਨਾਂ ਦਾ ਰੂਪ ਧਾਰ ਗਏ ਹਨ, ਰਾਗ ਦੀ ਗੰਭੀਰਤਾ ਤੇ ਸੰਧਿਆ ਦੇ ਸਮੇਂ ਨੂੰ ਪੂਰੀ ਤਰ੍ਹਾਂ ਉਜਾਗਰ ਕਰਦੇ ਹਨ।

ਜਸਵੰਤ ਸਿੰਘ ਸ੍ਰੀਰਾਗ ਵਿਚ ਲਲਿਤ ਕਲਾਵਾਂ ਦੇ ਸਾਰੇ ਰੂਪ ਦੇਖਦਾ ਹੈ। ਉਹ ਆਪਣੇ ਸ੍ਰੀਰਾਗ ਦੇ ਚਿੱਤਰ ਵਿਚ ਸਭ ਲਲਿਤ ਕਲਾਵਾਂ ਨੂੰ ਸਾਂਝੇ ਰੂਪ ਵਿਚ ਪੇਸ਼ ਕਰਦਾ ਹੈ। ਇਕ ਔਰਤ ਹੈ ਜਿਸ ਦੇ ਕੇਸ਼ਾਂ ਤੋਂ ਇਕ 'ਲਾਇਰ' ਬਣਿਆ ਨਜ਼ਰ ਆ ਰਿਹਾ ਹੈ। ਲਾਇਰ ਇਕ ਪੁਰਾਣਾ ਯੂਨਾਨੀ ਸਾਜ਼ ਹੈ ਜੋ ਰਾਗ ਦਾ ਪ੍ਰਤੀਕ ਹੈ। ਲਾਇਰ ਦੀਆਂ ਤਾਰਾਂ ਦੇ ਨਾਲ ਇਕ ਨ੍ਰਿਤ ਦਾ ਦ੍ਰਿਸ਼ ਹੈ। ਨਾਚ ਤੇ ਕਵਿਤਾ ਰੂਪੀ ਸੁੰਦਰੀਆਂ ਦੇ ਦਰਮਿਆਨ ਇਕ ਗੰਭੀਰ ਬੁੱਤ ਦਾ ਸਿਰ ਨਜ਼ਰ ਆ ਰਿਹਾ ਹੈ ਜੋ ਕਿ ਰਾਗ ਦੀ ਗਹਿਰਾਈ ਦਾ ਪ੍ਰਤੀਕ ਹੈ ਪਰ ਉਹ ਮੂਰਤੀ

ਕਲਾ ਦਾ ਵੀ ਰੂਪ ਹੈ। ਚਿੱਤਰ ਦੇ ਆਖ਼ਰੀ ਹਿੱਸੇ ਵਿਚ ਸਿਤਾਰ ਦੀਆਂ ਤਰਬਾਂ ਵਿਚ ਨਜ਼ਰ ਆ ਕੇ ਚਿੱਤਰ ਨੂੰ ਪੂਰਨ ਕਰਦੀਆਂ ਹਨ। ਦਰਸ਼ਕ ਤੇ ਇਹ ਚਿੱਤਰ ਬੜਾ ਗੰਭੀਰ ਪ੍ਰਭਾਵ ਪਾਉਂਦਾ ਹੈ ਤੇ ਉਸ ਨੂੰ ਸਮਝਣ ਅਤੇ ਸੋਚਣ ਲਈ ਮਜ਼ਬੂਰ ਕਰਦਾ ਹੈ।

**ਭੈਰਵ**

ਸ਼ਾਸਤ੍ਰਨ ਮਾਲਵ ਗੌਡ ਸੌਂ,
ਹਮਰੋ ਭੈਰਵ ਥਾਟ,
ਖਯਾਤ ਨਾਮ ਭੈਰਵ ਭਜਹੁ,
ਜਾਕੀ ਦੇਖਤ ਬਾਟ।
ਅੰਸ਼ ਗ੍ਰਹ ਧੈਵਤ ਸੁਮਤ,
ਸੰਪੂਰਨ ਸੁਰ ਹੋਏ,
ਅਲਪ ਰਿਸ਼ਭ ਆਰੋ ਹਮੇਂ,
ਪ੍ਰਾਤਾ ਕਾਲਹਿ ਹੋਏ।
ਅਨੁਪਮ ਭੈਰਵ-ਰਾਗ ਕੇ,
ਹੈਂ ਰੰਜਕ ਰਿ.ਧ. ਦੋਯ,
ਗਾਯਕ ਸਾਧਨ ਕਰਤ ਹੈਂ,
ਪ੍ਰਥਮ ਇਨ ਕੋ ਜੋਯ।....

ਸ਼ਾਸਤਰਾਂ ਵਿਚ ਇਸ ਨੂੰ ਮਾਲਵ ਗੌਂਡ ਥਾਟ ਕਿਹਾ ਗਿਆ ਹੈ ਇਹੋ ਸਾਡਾ ਭੈਰਵ ਹੈ। ਇਹ ਪ੍ਰਸਿੱਧ ਰਾਗ ਹੈ ਤੇ ਪ੍ਰਧਾਨ ਥਾਟ ਹੈ। ਇਹ ਪ੍ਰਾਤਾਕਾਲ ਦਾ ਅਨੁਪਮ ਰਾਗ ਹੈ। ਇਸ ਵਿਚ ਧੈਵਤ-ਸੁਰ ਦੀ ਅੰਸ਼ ਹੈ। ਗ੍ਰਹ ਵੀ ਧੈਵਤ ਹੀ ਹੈ ਤੇ ਸੰਪੂਰਨ ਵੀ ਹੈ। ਇਸ ਦੇ ਆਰੋਹ ਵਿਚ ਰਿਸ਼ਭ-ਸੁਰ ਦੀ ਅਲਪਤਾ ਹੈ।

ਇਸ ਰਾਗ ਦੀਆਂ ਦੋ ਪੁਰਾਣੀਆਂ ਤਸਵੀਰਾਂ ਦੇਖਣ ਵਿਚ ਆਈਆਂ ਹਨ। ਇਕ ਕਾਂਗੜਾ ਸ਼ੈਲੀ ਦੀ ਹੈ- ਸ਼ਿਵ ਨੰਦੀਗਣ ਤੇ ਸਵਾਰ ਹਨ। ਸ਼ਿਵ ਦੇ ਚਾਰ ਹੱਥ ਹਨ। ਇਕ ਵਿਚ ਤ੍ਰਿਸ਼ੂਲ, ਇਕ ਵਿਚ ਡਮਰੂ, ਇਕ ਵਿਚ ਖੱਪਰ ਤੇ ਇਕ ਵਿਚ ਮਾਲਾ ਹੈ ਤੇ ਗਲ ਵਿਚ ਨਾਗ ਸ਼ਸ਼ੋਭਤ ਹੈ।

ਦੂਸਰੀ ਤਸਵੀਰ ਵਿਚ ਸ਼ਿਵ ਜੀ ਖੜੇ ਹਨ। ਉਨ੍ਹਾਂ ਦੇ ਦੋ ਹੱਥ ਹਨ। ਇਕ ਵਿਚ ਤ੍ਰਿਸ਼ੂਲ ਤੇ ਦੂਸਰੇ ਵਿਚ ਖੋਪਰੀ (ਨਰ-ਮੁੰਡ) ਹੈ। ਸਿਰ ਵਿਚੋਂ ਗੰਗਾ ਵਗ ਰਹੀ ਹੈ ਤੇ ਮੱਥੇ ਉਪਰ ਤੀਸਰੀ ਅੱਖ ਉਜਾਗਰ ਹੈ। ਉਸ ਦੀ ਪ੍ਰਿਸ਼ਟ ਭੂਮੀ ਤੇ ਪਹਾੜ ਨਜ਼ਰ ਆ ਰਹੇ ਹਨ।

ਕਲਾਕਾਰ ਜਸਵੰਤ ਸਿੰਘ ਨੇ ਭੈਰਵ ਰਾਗ ਨੂੰ ਵੀ ਬਗੈਰ ਕਿਸੇ ਮਾਨਵੀ ਸੂਰਤ ਤੋਂ ਹੀ ਬਣਾਇਆ ਹੈ। ਪੂਰਵ ਚਿੱਤਰ ਪੱਧਤੀ ਵਿਚ, ਡਿਸਟੌਰਸਨ, ਉਹ ਬੜੀ ਸਮਝਦਾਰੀ ਨਾਲ ਕਰਦਾ ਹੈ। ਉਹ ਪੂਰਾ ਖ਼ਿਆਲ ਰੱਖਦਾ ਹੈ ਕੋਈ ਸੂਰਤ ਖਰਾਬ ਨਾ ਹੋਵੇ ਸਗੋਂ ਰਾਗ ਦੀ ਜਾਂ ਵਿਸ਼ੇ ਵਸਤੂ ਦੀ ਆਤਮਾ ਪੂਰਨ ਰੂਪ ਵਿਚ ਉਜਾਗਰ ਹੋ ਉਠੇ। ਉਹ ਰਾਗ ਦੀ ਰੂਹ ਜੀਵਤ ਕਰਨ ਲਈ ਵੱਧ ਤੋਂ ਵੱਧ ਕੋਸ਼ਿਸ਼ ਕਰਦਾ ਹੈ ਤੇ ਆਪਣੇ ਤਸੱਵਰ ਦੇ ਰੂਪ ਨੂੰ ਸੁੰਦਰ ਰੰਗ ਵਿਧਾਨ ਦੁਆਰਾ ਕੈਨਵਸ ਤੇ ਸ਼ਸ਼ੋਭਿਤ ਕਰਦਾ ਹੈ। ਅਰੂਪ ਨੂੰ ਰੂਪਵਾਨ ਕਰਨਾ ਇਕ ਸੁਚੱਜੇ ਤੇ ਸਫਲ ਕਲਾਕਾਰ ਦਾ ਹੀ ਕੰਮ ਹੈ।

ਭੈਰਵ ਰਾਗ ਦੀ ਪ੍ਰਿਸ਼ਟ-ਭੂਮੀ ਸ਼ਬੰਟ-ਅੰਬਰ, ਨੀਲਾ ਹਲਕਾ ਸਬਜ਼ ਤੇ ਪੀਲੇ ਆਦਿ ਰੰਗਾਂ ਤੋਂ ਬਣਾਈ ਗਈ ਹੈ ਤੇ ਸਵੇਰ ਦੀ ਧੁੰਦ ਚੋਂ ਪਹੁ-ਫੁਟਾਲਾ ਵੀ ਨਜ਼ਰ ਆਉਂਦਾ ਹੈ। ਪਹਾੜੀਆਂ ਦਾ ਸਿਲਸਿਲਾ ਹੈ ਤੇ ਅੱਗੇ ਇਕ ਸੀਸ-ਆਕਾਰ ਦੀ ਚਟਾਨ ਹੈ। ਚਟਾਨ ਸ਼ਿਵ ਦਾ ਰੂਪ ਧਾਰ ਗਈ ਹੈ ਪਰ ਮਸਤਕ ਦਾ ਚੰਦ (ਤੀਸਰਾ-ਨੇਤਰ) ਬੁੱਧੀ ਤੇ ਚੇਤਨਾ ਦਾ ਪ੍ਰਤੀਕ ਹੈ। ਜਦ ਅੰਦਰ ਦੀ ਅੱਖ ਖੁੱਲ੍ਹਦੀ ਹੈ ਤਾਂ ਸਰਵ-ਖਿਲਾਰੇ ਦਾ ਭੇਦ ਖੁੱਲ੍ਹਦਾ ਨਜ਼ਰ ਆਉਂਦਾ ਹੈ। ਇਸ ਛੋਟੀ ਤਸਵੀਰ ਵਿਚ ਪ੍ਰਕ੍ਰਿਤੀ ਦਾ ਨਾਚ ਵੀ ਨਜ਼ਰ ਆ ਰਿਹਾ ਹੈ ਤੇ ਲਿੰਗ ਉਤਪਤੀ ਦੇ ਪ੍ਰਤੀਕ ਰੂਪ ਵਿਚ ਅੰਕਿਤ ਕੀਤਾ ਗਿਆ ਹੈ। ਰਾਗ ਦੀ ਅਨੁਪਮ-ਬਿਰਤੀ, ਪ੍ਰਾਤਾਕਾਲ, ਅੰਦਰ ਦੀ ਜਾਗ੍ਰਤੀ ਤੇ ਉਤਪਤੀ ਆਦਿ ਸਭ ਚੀਜ਼ਾਂ ਨੂੰ ਕਲਾਕਾਰ ਨੇ ਬੜੀ ਮਿਹਨਤ ਨਾਲ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ।

**ਰਾਗ ਦੀਪਕ**

ਪੂਰਵੀ ਮੇਲਕ ਸੌਂ ਜਨਿਤ,
ਦੀਪਕ ਰਾਗ ਪਹਿਚਾਨ,
ਰਿਸ਼ਭ ਹੀਨ ਆਰੋਹ ਅਵਰੋਹ
ਨਿ. ਵਰਜਤ ਮਾਨ।
ਸ਼ੜਜ ਸੁਰ ਪ੍ਰਧਾਨ
ਦਿਨ ਚੌਥੇ ਯਾਮਹਿ ਗਾਨ,
ਕੁਛ ਕੁਨ ਕੋ ਸੰਪੂਰਨ ਅਰੁ,
ਸਾਸ਼ਕ ਮਤਹੂਜਾਨ।
ਬਿਨ ਜਾਰੇਂ ਦੀਪਕ ਜਰੁਤ,
ਸਿੱਧਨ ਕੋ ਵਹੁ ਕਾਮ,
ਬਹੁਮਤ ਸਮੱਤ ਸਾਸ਼ਯਹ,
ਜਾਨਹੁ ਦੀਪਕ ਨਾਮ।

ਦੀਪਕ ਰਾਗ ਪੂਰਬੀ ਥਾਟ ਤੋਂ ਉਤਪੰਨ ਹੋਇਆ ਹੈ। ਇਸਦਾ ਆਰੋਹ ਰਿਸ਼ਭ ਸੁਰ ਤੋਂ ਰਹਿਤ ਹੈ ਤੇ ਅਵਰੋਹ ਵਿਚ ਨਿਸ਼ਾਦ ਸੁਰ ਵਰਜਿਤ ਹੈ। ਇਸ ਵਿਚ ਪ੍ਰਧਾਨਤਾ

ਸ਼ੜਜ ਸੁਰ ਦੀ ਹੈ। ਇਹ ਰਾਗ ਦਿਨ ਦੇ ਚੌਥੇ ਪਹਿਰ ਗਾਇਆ ਜਾਂਦਾ ਹੈ। ਕੁਝ ਗੁਣੀਆਂ ਦਾ ਖ਼ਿਆਲ ਹੈ ਕਿ ਇਹ ਕਲਿਆਣ ਥਾਟ ਤੋਂ ਉਤਪੰਨ ਹੋਣ ਵਾਲਾ ਰਾਗ ਹੈ ਤੇ ਕੁਝ ਰਾਗੀਆਂ ਦਾ ਕਹਿਣਾ ਹੈ ਕਿ 'ਦੀਪਕ' ਮਾਲਵ-ਗੌੜਕ ਥਾਟ ਦੀ ਦੇਣ ਹੈ। ਕੁਝ ਉਸਤਾਦ ਇਸ ਰਾਗ ਨੂੰ ਲੁਪਤ ਮੰਨਦੇ ਹਨ। ਬਿਨਾਂ ਬਲਿਆਂ ਹੀ ਦੀਵੇ ਜਗ ਜਾਣ, ਕਿਸੇ ਨੂੰ ਤਾਂ ਇਸ ਗੱਲ 'ਤੇ ਭਰੋਸਾ ਹੈ ਤੇ ਕਿਸੇ ਨੂੰ ਇਸ 'ਤੇ ਵਿਸ਼ਵਾਸ ਨਹੀਂ। ਉਹ ਕਹਿੰਦੇ ਹਨ ਕਿ ਕਿਸੇ ਨੇ ਅੱਜ ਤੱਕ ਇਸ ਤਰ੍ਹਾਂ ਦੀਵੇ ਬਲਦੇ ਨਹੀਂ ਦੇਖੇ। ਕਈ ਰਾਗੀ, 'ਤਾਨਸੇਨ' ਤੋਂ ਬਾਅਦ ਇਸ ਰਾਗ ਨੂੰ ਲੁਪਤ ਮੰਨਦੇ ਹਨ ਪਰ ਕਈ ਰਾਗੀ ਸ੍ਰੀ ਰਾਗ ਵਿਚ ਸੁਰਾਂ ਨੂੰ ਲਗਾ ਕੇ ਜਾਂ ਮਿਲਾ ਕੇ ਦੀਪਕ ਰਾਗ ਗਾਉਂਦੇ ਹਨ।

ਇਸੇ ਰਾਗ ਦੀਆਂ ਦੋ ਪੁਰਾਣੀਆਂ ਤਸਵੀਰਾਂ ਦੇਖਣ ਵਿਚ ਆਈਆਂ ਹਨ। ਇਕ ਤਸਵੀਰ ਵਿਚ 'ਰਾਜਾ' ਹਾਥੀ ਤੇ ਬੈਠਾ ਹੈ। ਰਾਜੇ ਦੇ ਹੱਥ ਵਿਚ ਹਾਥੀ ਦੀ ਸੁੰਡ ਵਿਚ ਦੀਵਾ ਹੈ। ਇਕ ਹੋਰ ਇਸੇ ਤਰ੍ਹਾਂ ਦੀ ਤਸਵੀਰ ਹੈ ਪਰ ਉਸ ਤੇ ਚਿੱਤਰ ਪੱਟ ਵਿਚ ਵੀ ਦੀਵੇ ਜਗ ਰਹੇ ਹਨ।

ਦੀਪਕ ਰਾਗ ਵਿਚ ਜਿੱਥੇ ਕਿ ਪੁਰਾਣੇ ਚਿੱਤਰਕਾਰਾਂ ਨੇ ਮਾਨਵੀ ਸੂਰਤਾਂ ਦਾ ਆਸਰਾ ਲਿਆ ਹੈ, ਜਸਵੰਤ ਸਿੰਘ ਨੇ ਏਥੇ ਵੀ ਜੜ੍ਹ ਵਸਤੂ ਤੋਂ ਕੰਮ ਲੈ ਕੇ ਉਸ ਨੂੰ ਜੀਵਨ ਪ੍ਰਦਾਨ ਕੀਤਾ ਹੈ, ਕਿਉਂਕਿ ਉਹ ਦੀਪਕ ਰਾਗ ਦੇ ਰੂਪ ਨੂੰ ਜੀਵਨ-ਜੋਤ ਸਮਾਨ ਸਮਝਦਾ ਹੈ। ਜੀਵਨ-ਜੋਤੀ ਜੋ ਕਿ ਹਰ ਜ਼ੱਰੇ ਵਿਚ ਜਗਮਗਾ ਰਹੀ ਹੈ ਉਸੇ ਜੋਤ ਨੂੰ ਇਕ ਸੁੱਕੇ ਤਾਣੇ ਵਿਚ ਪ੍ਰਜਵਲਤ ਵਿਖਾ ਕੇ ਅਮੂਰਤ ਰਾਗ ਨੂੰ ਮੂਰਤੀਮਾਨ ਕੀਤਾ ਹੈ। ਇਹ ਆਇਲ ਪੇਂਟ ਵਿਚ ਬਣਿਆ ਇਕ ਵੱਡਾ ਚਿੱਤਰ ਹੈ। ਰੰਗ-ਵਿਧਾਨ ਐਸਾ ਹੈ ਕਿ ਦਿਨ ਦੇ ਚੌਥੇ ਪਹਿਰ ਦਾ ਸਮਾਂ ਸੁਰਜੀਤ ਹੋ ਗਿਆ ਹੈ। ਦੀਪਕ ਰਾਗ ਦਾ ਚਿੱਤਰ, ਦੀਪਸ਼ਿਖਾ ਦਾ ਸੁੰਦਰ ਰੂਪ ਵੀ ਹੈ ਜੋ ਕਿ ਉਜਾਲੇ ਦਾ ਪ੍ਰਤੀ ਹੈ।

**ਮਾਲਕੌਂਸ**

ਭੈਰਵਿ ਮੇਲਕ ਸੌਂ ਪ੍ਰਕਟ,<br>
ਮਾਲਕੌਂਸ ਗੁਣ ਜਾਨ,<br>
ਯਹ ਪ੍ਰਸਿੱਧ ਜਹਾਨ<br>
ਰਿ.ਪ. ਵਰਜਿਤ ਔੜਵ ਮਾਨ।<br>
ਅਤਿ ਅਲਾਪ ਕੀ ਛੂਟ ਸੌਂ,<br>
ਜਾਨਤ ਹੈ ਸਭ ਕੋਯ,<br>
ਤੀਜੇ ਪਹਿਰ ਬਤਾਇਕੇ,

ਯਾਕੋ ਗਾਇਨ ਹੋਏ।

ਭੈਰਵੀ ਦੇ ਥਾਟ ਤੋਂ ਮਾਲਕੌਂਸ ਪ੍ਰਗਟ ਹੁੰਦਾ ਹੈ। ਇਹ ਰਾਗ, ਰਿਸ਼ਭ ਤੇ ਪੰਚਮ ਸੁਰ ਤੋਂ ਵਿਵਰਜਤ ਔੜਵ ਰਾਗ ਹੈ। ਰਾਤ ਦੇ ਤੀਸਰੇ ਪਹਿਰ ਤੋਂ ਬਾਅਦ ਇਸ ਦਾ ਗਾਇਨ ਹੁੰਦਾ ਹੈ।

ਇਸ ਰਾਗ ਦਾ ਕਾਂਗੜਾ ਸ਼ੈਲੀ ਚਿੱਤਰ ਇਸ ਪ੍ਰਕਾਰ ਹੈ:

ਕੰਵਲ-ਆਸਨ ਤੇ ਦੇਵਤਾ ਬਿਰਾਜਮਾਨ ਹੈ। ਇਕ ਇਸਤਰੀ ਉਨ੍ਹਾਂ ਨੂੰ ਮਾਲਾ ਪਹਿਨਾ ਰਹੀ ਹੈ, ਦੂਸਰੀ ਇਸਤਰੀ ਦੇਵਤਾ ਦੇ ਸਿਰ ਪਿੱਛੇ ਖੜੀ ਉਸਨੂੰ ਸਫੇਦ ਚੌਰ ਕਰ ਰਹੀ ਹੈ। ਪਹਾੜੀ ਦ੍ਰਿਸ਼ ਦਾ ਇਹ ਚਿੱਤਰ ਹੈ। ਪਿੱਛੇ ਕਾਲੇ ਪਹਾੜਾਂ ਵਿਚ ਇਕ ਸੁੰਦਰ ਘਰ ਦੀ ਮਮਟੀ ਨਜ਼ਰ ਆ ਰਹੀ ਹੈ। ਪਹਾੜਾਂ ਦੇ ਅੱਗੇ ਸਰੂਆਂ ਦੇ ਦਰਖ਼ਤ ਦ੍ਰਿਸ਼ਟੀ ਗੋਚਰ ਹੁੰਦੇ ਹਨ। ਇਹ ਚਿੱਤਰ ਉੱਚ ਕਲਾਕਾਰੀ ਦਾ ਨਮੂਨਾਂ ਹੈ।

ਜਸਵੰਤ ਸਿੰਘ ਨੇ ਰਾਗ 'ਮਾਲਕੌਂਸ' ਨੂੰ ਵੀ ਆਪਣੇ ਮੌਲਿਕ ਤੇ ਅਨੋਖੇ ਢੰਗ ਨਾਲ ਅੰਕਿਤ ਕੀਤਾ ਹੈ। ਇਹ ਟੈਂਪਰਾਂ ਰੰਗਾਂ ਨਾਲ ਬਣਿਆ ਇਕ ਛੋਟਾ ਤੇ ਸੁੰਦਰ ਚਿੱਤਰ ਹੈ। ਰੰਗ-ਵਿਧਾਨ ਰਾਤ ਦੇ ਚੌਥੇ ਪਹਿਰ ਦੇ ਮਤਾਬਿਕ ਰੱਖਿਆ ਗਿਆ ਹੈ। ਗਹਿਰਾ ਨੀਲਾ, ਹਲਕਾ ਨੀਲਾ, ਸਬਜ਼ੀ ਮਾਇਲ ਪੀਲਾ ਤੇ ਚਿੰਨ੍ਹਾਤਮਿਕ ਹਲਕਾ ਲਾਲ ਰੰਗ। ਰਾਤ ਦੇ ਬਾਂਰ੍ਹਾ ਵਜੇ ਤੋਂ ਬਾਅਦ ਦਾ ਸਮਾਂ ਹੈ। ਸਾਰੇ ਪਾਸੇ ਖਾਮੋਸ਼ੀ ਹੈ। ਪ੍ਰਭਾਵ-ਸ਼ੀਲ ਰੰਗ ਵਿਧਾਨ ਮੂਕ ਸਮੇਂ ਦਾ ਸੂਚਕ ਹੈ। ਚਿੱਤਰ ਪੱਟ ਤੇ ਇਕ ਕੰਨ ਨਜ਼ਰ ਆ ਰਿਹਾ ਹੈ। ਗੁਜ਼ਰ ਰਹੀ ਰਾਤ ਕਿਰਨਾਂ ਕੰਨ ਵਿਚ ਪ੍ਰਵੇਸ਼ ਕਰ ਰਹੀਆਂ ਹਨ। ਕੀ ਉਹ ਹੋਣ ਵਾਲੀ ਪ੍ਰਭਾਤ ਦੇ ਕੰਨਾਂ ਵਿਚ ਕੋਈ ਭੇਤ ਭਰੀ ਕੰਨਸੋਂ ਪਾ ਰਹੀਆਂ ਹਨ? ਦਰਸ਼ਕ ਸੋਚਦਾ ਹੈ ਪਰ ਹਲਕੀ ਹਲਕੀ ਲਾਲੀ ਦਾ ਚਿੰਨ੍ਹ ਆਉਣ ਵਾਲੀ ਪ੍ਰਭਾਤ ਦਾ ਮੁੱਖ ਸੰਦੇਸ਼ ਸੁਣਾ ਰਿਹਾ ਹੈ।

**ਪੂਰਿਯਾ ਰਾਗ**

ਗਮਨ ਸ਼੍ਰਮ ਮੇਲਕ ਜਨਿਤ,<br>
ਸੁਗੁਨਿ ਪੂਰਿਯਾ ਜਾਨ,<br>
ਪਾ. ਵਰਜਿਤ ਸ਼ਾੜਵ ਬਨਤ,<br>
ਗਾਂਧਾਰਾਂਸ਼ਕ ਮਾਨ।<br>
ਮੰਦ੍ਰ ਸਖਿਤ ਗੰਧਾਰਸੁਰ,<br>
ਨਰਪਤਿ ਬਨਤ ਸੁਜਾਨ,<br>
ਮੰਦ੍ਰ ਮੱਧ ਸੁਰ ਰਾਗਿਨੀ,

ਗਾਨ ਸੁਖਦ ਪਹਿਚਾਨ।
ਪੂਰਣ ਅੰਗ ਪ੍ਰਧਾਨ ਬਨ,
ਸਾਂਯਕਾਲਿਕ ਹੋਏ।

ਗਮਨ ਸ਼੍ਰਮ ਨਾਮਕ ਜਾ ਮਾਰਵਾ ਥਾਟ ਤੋਂ ਇਹ ਰਾਗ ਪ੍ਰਗਟ ਹੋਇਆ ਤੇ ਇਹ ਢਲਦੀ ਸ਼ਾਮ ਵੇਲੇ ਦਾ ਰਾਗ ਹੈ। ਸ੍ਰੀ ਭਾਵ ਤੱਟ ਦੇ ਲਿਖਣ ਮੁਤਾਬਕ ਪੂਰਿਯਾ ਦੇ ਸੱਤ ਭੇਦ ਹਨ।

ਰਾਗ ਪੂਰਿਯਾ ਨੂੰ ਕਲਾਕਾਰ ਨੇ ਫਿੱਗਰ ਦੁਆਰਾ ਅੰਕਿਤ ਕੀਤਾ ਹੈ। ਜਸਵੰਤ ਸਿੰਘ ਨੂੰ ਮਿਲਦੇ ਸਮੇਂ ਦੇ ਸੰਧੀ-ਪ੍ਰਕਾਸ਼ ਰਾਗ ਬਹੁਤ ਪਸੰਦ ਹਨ। ਇਹ ਰਾਗ ਵੀ ਢਲਦੀ ਸ਼ਾਮ ਦੇ ਵੇਲੇ ਦਾ ਹੈ। ਚਿੱਤਰ ਦੇ ਰੰਗ-ਵਿਧਾਨ ਤੋਂ ਢਲਵੀਂ ਗਹਿਰੀ ਸ਼ਾਮ ਦ੍ਰਿਸ਼ਟੀਗੋਚਰ ਹੁੰਦੀ ਹੈ। ਇਕ ਉਦਾਸੀ ਹੈ ਕਿ ਸਾਰੇ ਚਿੱਤਰ ਤੇ ਛਾਈ ਹੋਈ ਹੈ। ਸ਼ਾਮ ਦਾ ਅਰਗਵਾਨੀ-ਰੰਗ ਹਲਕੇ ਹਨੇਰੇ ਪਰਦੇ ਹੇਠਾਂ ਲੁਕਦਾ ਜਾ ਰਿਹਾ ਹੈ।

ਬੁੱਢੀ-ਔਰਤ ਦੇ ਝੁਰੀਆਂਦਾਰ ਚਿਹਰੇ ਤੋਂ ਉਸ ਦੀ ਢਲਦੀ ਜ਼ਿੰਦਗੀ ਉਜਾਗਰ ਹੋ ਰਹੀ ਹੈ। ਓਧਰ ਰਾਤ ਦੇ ਹਨੇਰੇ ਪਸਰ ਰਹੇ ਹਨ ਅਤੇ ਏਧਰ ਜੀਵਨ ਦੀ ਰਾਤ ਆ ਰਹੀ ਹੈ। 'ਤਾਨਪੂਰਾ' ਜੋ ਕਿ ਲੈਅ ਦਾ ਪ੍ਰਤੀਕ ਹੈ ਆਪਣੀਆਂ ਆਖ਼ਰੀ ਤਾਨਾਂ ਤੇ ਗਜਾਂ ਮੁਕਾ ਰਿਹਾ ਭਾਸਦਾ ਹੈ। ਇਹ ਇਕ ਪ੍ਰਭਾਵਸ਼ਾਲੀ ਚਿੱਤਰ ਹੈ ਜੋ ਢਲਦੀ ਸ਼ਾਮ ਨੂੰ ਸ਼ਾਹਕਾਰ ਰੂਪ ਵਿਚ ਪੂਰੀ ਤਰ੍ਹਾਂ ਪੇਸ਼ ਕਰਦਾ ਹੈ।

ਜਸਵੰਤ ਸਿੰਘ ਨੇ ਬਹੁਤੇ ਸਾਰੇ ਰਾਗਾਂ ਦੇ ਚਿੱਤਰ ਬਣਾਏ ਹਨ ਤੇ ਬਣਾ ਰਹੇ ਹਨ। ਇਸ ਤਰ੍ਹਾਂ ਉਹ ਇਕ ਨਵੀਨ ਰਾਗ-ਮਾਲਾ, ਦੇਸ਼ ਨੂੰ ਭੇਟ ਕਰ ਰਹੇ ਹਨ। ਉਨ੍ਹਾਂ ਦੇ ਸਾਰੇ ਰਾਗ ਚਿੱਤਰਾਂ ਬਾਰੇ ਲਿਖਣਾ ਇਕ ਪੂਰੀ ਪੁਸਤਕ ਲਿਖਣ ਦੇ ਸਮਾਨ ਹੈ। ਅਸੀਂ ਅਖ਼ੀਰ ਤੇ ਉਨ੍ਹਾਂ ਦੇ ਪ੍ਰਸਿੱਧ ਚਿੱਤਰ 'ਰਾਗ ਸੋਹਣੀ' ਦਾ ਜ਼ਿਕਰ ਕਰਨਾ ਜ਼ਰੂਰੀ ਸਮਝਦੇ ਹਾਂ।

**ਰਾਗਨੀ-ਸੋਹਣੀ**

ਮੇਲ ਮਾਰਵਾ ਸੋਂ ਜਨਿਤ,
ਰਾਗਨੀ ਸੋਹਣੀ ਜਾਨ।
ਆਰੋਹਨ, ਅਵਰੋਹ ਪਾ,
ਵਰਜਿਤ ਤਿਸ ਮਾਨ,
ਨਰਪਤਿ ਧੈਵਤ ਹੋਤ ਯਹ,
ਉਤ੍ਰਾਂਗ ਪ੍ਰਧਾਨ,
ਮੰਤ੍ਰੀ ਸੁਰ ਗਾਂਧਾਰ ਨਿਸ,
ਅੰਤਿਮ ਯਾ ਮਹਿ ਗਾਨ।
ਮਦ੍ਰ ਮੱਧ ਸੁਰ ਸੋਂ ਦਿਪਤ,
ਸੁਭਗ ਪੂਰਿਆ ਜਾਨ,
ਤਾਂ ਬਿਧ ਉਤਰ ਸੁਹਨ ਸੋਂ,
ਸੋਹਿਤ ਸੋਹਿਨੀ ਮਾਨ।

ਰਾਗਨੀ-ਸੋਹਣੀ, ਮਾਰਵਾ ਥਾਟ ਵਿਚੋਂ ਪ੍ਰਗਟ ਹੁੰਦੀ ਹੈ। ਇਸ ਦਾ ਆਰੋਹ ਅਤੇ ਅਵਰੋਹ ਦੋਵੇਂ ਪੰਚਮ ਸੁਰ ਤੋਂ ਵਿਵਰਜਿਤ ਹਨ। ਇਹ ਉਤ੍ਰਾਂਗ ਪ੍ਰਧਾਨ ਰਾਗਨੀ ਹੈ ਤੇ ਇਹ ਰਾਤ ਦੇ ਆਖ਼ਰੀ ਪਹਿਰ ਗਾਈ ਜਾਂਦੀ ਹੈ। ਪ੍ਰਸਿੱਧ ਗ੍ਰੰਥਾਂ ਵਿਚ ਕਿਤੇ ਸੋਹਣੀ ਦਾ ਨਾਂ ਖ਼ਾਸ ਤੌਰ 'ਤੇ ਨਹੀਂ ਮਿਲਦਾ। ਇਸ ਰਾਗਨੀ ਨੂੰ ਲੋਕ ਆਧੁਨਿਕ ਪਰ ਸੁੰਦਰ ਰਾਗਨੀ ਮੰਨਦੇ ਹਨ। ਇਹ ਬੜੀ ਹੀ ਮਿੱਠੀ ਤੇ ਮੱਧਮ ਸੁਰਾਂ ਵਿਚ ਗਾਈ ਜਾਣ ਵਾਲੀ ਰਾਗੀ ਹੈ।

'ਸੋਹਣੀ' ਆਧੁਨਿਕ-ਰਾਗਨੀ ਹੈ। ਪੰਜਾਬ ਵਿਚ ਇਸ ਦਾ ਗਾਇਨ ਵਧੇਰੇ ਹੁੰਦਾ ਰਿਹਾ ਹੈ। ਉਸਤਾਦ 'ਲਾਗਰ' ਤੇ ਭਾਈ ਅਮੀਰ ਹੋਰਾਂ ਕੋਲੋਂ ਸੁਣਿਆ ਸੋਹਣੀ ਦਾ ਬੋਲ ਅਜੇ ਤੱਕ ਯਾਦ ਹੈ। ਉਹ ਬੜੀ ਮਿੱਠੀ ਤੇ ਦਰਦੀਲੀ ਸੁਰ ਵਿਚ ਗਾਉਂਦੇ :

*ਬਲੋਚਾ ਜ਼ਾਲਮਾ ਦੋ ਨੈਣ ਤੇਰੇ*

ਕਲਾਕਾਰ ਜਸਵੰਤ ਸਿੰਘ ਦਾ ਇਹ ਬੜਾ ਕਾਮਯਾਬ ਤੇ ਸੁੰਦਰ ਚਿੱਤਰ ਹੈ। ਚਿੱਤਰ ਦੀ ਰੰਗਾਮੇਜ਼ੀ ਤੇ ਵਰਨ-ਵਿਧਾਨ ਦੇ ਆਖ਼ਰੀ ਪਹਿਰ ਨੂੰ ਪੂਰੀ ਤਰ੍ਹਾਂ ਉਜਾਗਰ ਕਰਦੇ ਹਨ।

ਸਮੇਂ ਦਆਂ ਲਹਿਰਾਂ ਤੇ ਇਕਤਾਰਾ ਤਰ ਰਿਹਾ ਹੈ ਤੇ ਕੋਈ ਅਲੋਪ ਹੱਥ ਉਸ ਨੂੰ ਵਜਾ ਰਿਹਾ ਹੈ।

ਖ਼ਾਮੋਸ਼ੀ ਦਾ 'ਵਾਤਾਵਰਨ' ਤੇ ਇਕਤਾਰੇ ਦੀ ਮਿੱਠੀ ਪਰ 'ਦਰਦੀਲੀ' ਮੂਕ-ਲੈਅ, ਚਿੱਤਰ ਦੇ ਅਸਰ ਤੋਂ, ਸੁਰਜੀਤ ਹੋ ਕੇ ਸਨਮੁਖ ਆ ਖੜੇ ਹੁੰਦੇ ਹਨ। ਇਹ ਹੀ ਕਲਾਕਾਰ ਦਾ ਜਾਦੂ ਹੈ।

ਰਾਗਨੀ ਤੇ ਉਸ ਦੇ ਚਿੱਤਰ ਤੋਂ ਸੋਹਣੀ ਮਹੀਂਵਾਲ ਦਾ ਕਿੱਸਾ ਯਾਦ ਆ ਜਾਂਦਾ ਹੈ ਤੇ ਕਾਲੀ ਬੋਲੀ ਰਾਤ, ਠਾਠਾਂ ਮਾਰਦਾ ਦਰਿਆ ਤੇ ਆਖਿਰ ਸੋਹਣੀ ਦਾ ਅੰਤ, ਇਸ ਤਰ੍ਹਾਂ ਦਾ ਕਰੁਣਾਮਈ ਵਾਤਾਵਰਨ ਵੀ ਦਰਸ਼ਕ ਦੀ ਸੋਚ ਸ਼ਕਤੀ ਤੇ ਛਾ ਜਾਂਦਾ ਹੈ ਤੇ ਇੰਜ ਮਲੂਮ ਹੁੰਦਾ ਹੈ ਕਿ ਦਰਿਆ ਲਹਿਰਾਂ 'ਚੋਂ ਸੋਹਣੀ ਦਾ ਹੱਥ ਪ੍ਰੀਤ ਦੀ ਤਾਨ ਛੇੜ ਰਿਹਾ ਹੈ। ਸੋਹਣੀ-ਰਾਗਨੀ ਬਾਰੇ ਜਸਵੰਤ ਸਿੰਘ ਦੀ ਸੁੰਦਰ ਕਲਪਨਾ ਹੈ ਤੇ ਚਿੱਤਰ ਸਫਲ ਕਲਾ-ਕ੍ਰਿਤੀ ਦਾ ਨਮੂਨਾ ਹੈ।

# ਭਲੋ ਭਲੋ ਰੇ ਕੀਰਤਨੀਆ

ਡਾ. ਜਤਿੰਦਰਪਾਲ ਸਿੰਘ ਜੀ ਜੌਲੀ : ਗੁਰੂ ਨਾਨਕ ਸੰਗੀਤ ਪੱਧਤੀ ਗ੍ਰੰਥ 'ਚੋਂ ਧੰਨਵਾਦ ਸਹਿਤ

## ਡਾ. ਗੁਰਨਾਮ ਸਿੰਘ ਜੀ

ਪਿਉ ਦਾਦੇ ਦੇ ਖਜ਼ਾਨੇ ਨੂੰ ਖੋਲ੍ਹ ਕੇ ਦੇਖਣਾ ਇਕ ਗੱਲ ਹੈ ਤੇ ਉਸ ਖਜ਼ਾਨੇ ਨੂੰ ਜਾਗ ਲਾ ਕੇ ਕਈ ਗੁਣਾਂ ਵਧਾ ਦੇਣਾ ਦੂਜੀ ਗੱਲ, ਜਿਹੜੀ ਕਿਸੇ ਵਿਰਲੇ ਟਾਵੇਂ ਦੇ ਹਿੱਸੇ ਹੀ ਆਉਂਦੀ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚਲੇ ਸੰਗੀਤ ਵਿਭਾਗ ਦੇ ਪਹਿਲੇ ਮੁਖੀ ਤੇ ਹੁਣ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸੰਗੀਤ ਵਿਭਾਗ ਦੇ ਪ੍ਰੋਫੈਸਰ ਡਾ. ਗੁਰਨਾਮ ਸਿੰਘ ਉਨ੍ਹਾਂ ਵਿਰਲਿਆਂ ਵਿਚ ਹੀ ਸ਼ੁਮਾਰ ਹੁੰਦੇ ਹਨ। ਛੋਟੀ ਆਯੂ ਵਿਚ ਹੱਕੀ ਤੇ ਸੱਚੀਆਂ ਪ੍ਰਾਪਤੀਆਂ ਦੀ ਸੂਚੀ ਤਿਆਰ ਕਰਨੀ ਹੋਵੇ ਤਾਂ ਡਾ. ਗੁਰਨਾਮ ਸਿੰਘ ਦੀ ਪ੍ਰਤਿਭਾ ਵਰਨਣਯੋਗ ਹੈ।

17 ਅਪ੍ਰੈਲ 1959 ਨੂੰ ਮਾਤਾ ਚਰਨ ਕੌਰ ਦੀ ਕੁੱਖੋਂ ਪਿਤਾ ਸ. ਉੱਤਮ ਸਿੰਘ (ਪ੍ਰਸਿੱਧ ਰਾਗੀ) ਦੇ ਗ੍ਰਹਿ ਵਿਖੇ ਜਨਮੇ ਡਾ. ਗੁਰਨਾਮ ਸਿੰਘ ਦੇ ਵੱਡੇ ਵਡੇਰੇ ਗੁਰਮਤਿ ਸੰਗੀਤ ਨੂੰ ਸਮਰਪਤ ਰਹੇ ਹਨ। ਕੀਰਤਨ ਦੀ ਦਾਤ ਉਨ੍ਹਾਂ ਨੂੰ ਆਪਣੇ ਦਾਦਾ, ਪਿਤਾ ਅਤੇ ਵੱਡੇ ਭਰਾਵਾਂ ਡਾ. ਜਗੀਰ ਸਿੰਘ ਤੇ ਡਾ. ਬਚਿੱਤਰ ਸਿੰਘ ਕੋਲੋਂ ਵਿਰਸੇ ਵਿਚ ਪ੍ਰਾਪਤ ਹੋਈ।

ਉਨ੍ਹਾਂ ਦੀ ਧਰਮ ਪਤਨੀ ਡਾ. ਅੰਮ੍ਰਿਤਪਾਲ ਕੌਰ ਵੀ ਗੁਰਬਾਣੀ ਜਗਤ ਦੀ ਗਹਿਰ ਗੰਭੀਰ ਵਿਦਿਆਰਥਣ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੰਜਾਬੀ ਸਾਹਿਤ ਅਧਿਐਨ ਵਿਭਾਗ ਦੀ ਪ੍ਰਾਧਿਆਪਕ ਹੈ। ਕਲਾਤਮਕ ਮਾਪਿਆਂ ਦੀ ਗੋਦ ਵਿਚ ਪਲ ਰਹੇ ਬੱਚਿਆਂ, ਬੇਟੀ ਹਰਿਬਾਨੀ ਅਤੇ ਬੇਟੇ ਤਾਨੀਸ਼ ਸਿੰਘ ਨੇ ਲੋਰੀਆਂ ਦੀ ਥਾਂ ਸ਼ਾਸਤਰੀ ਸੰਗੀਤ ਦੀ ਗੁੜ੍ਹਤੀ ਹਾਸਲ ਕੀਤੀ।

ਸਵਰਗੀ ਪ੍ਰੋ. ਤਾਰਾ ਸਿੰਘ, ਡਾ. ਬਾਕਰ ਹੁਸੈਨ ਪਟਿਆਲਾ ਘਰਾਣਾ, ਸ੍ਰੀ ਸੀ. ਐੱਸ. ਧਵਨ ਜਿਹੇ ਵਿਦਵਾਨਾਂ, ਉਸਤਾਦਾਂ ਪਾਸੋਂ ਸ਼ਾਸਤਰੀ ਸੰਗੀਤ ਦੀ ਵਿਦਿਆ ਗ੍ਰਹਿਣ ਕਰਨ ਵਾਲੇ ਨਿਮਰ ਚਿਤ, ਮਧੁਰ ਵਾਣੀ, ਕੋਮਲ ਕਲਪਨਾ ਦੇ ਰਸਿਕ ਗਾਇਕ ਡਾ. ਗੁਰਨਾਮ ਸਿੰਘ ਨੇ ਸੰਗੀਤ ਪੱਧਤੀ ਦ੍ਰਿੜਾਉਣ ਲਈ 6 ਮੌਲਿਕ ਪੁਸਤਕਾਂ ਰਚੀਆਂ। ਉਨ੍ਹਾਂ ਵੱਲੋਂ ਸੰਪਾਦਿਤ 25 ਪੁਸਤਕਾਂ, ਅਨੁਵਾਦਤ 2 ਪੁਸਤਕਾਂ, ਵੱਖ ਵੱਖ ਸੈਮੀਨਾਰਾਂ 'ਚ ਪੜ੍ਹੇ 16 ਖੋਜ ਪੱਤਰ, ਅਨੇਕਾਂ ਰਸਾਲਿਆਂ ਅਖਬਾਰਾਂ ਵਿਚ ਛਪੇ 46 ਲੇਖ ਅਤੇ ਸੰਪਾਦਕ ਪੁਸਤਕਾਂ ਵਿਚ ਸ਼ਾਮਿਲ 6 ਅਧਿਆਇ ਉਨ੍ਹਾਂ ਦੇ ਜੀਵਨ ਅਧਿਆਇ ਵਿਚ ਜੁੜਨ ਵਾਲੇ ਹਾਸਲ ਹਨ। ਰੇਡੀਓ, ਟੈਲੀਵੀਜ਼ਨ, ਯੂਨੀਵਰਸਿਟੀਆਂ, ਭਾਸ਼ਾ ਵਿਭਾਗ ਆਦਿ ਅਦਾਰਿਆਂ ਲਈ ਤਿਆਰ ਕੀਤੀਆਂ 6 ਪ੍ਰਤੀਕ ਧੁਨਾਂ, 3 ਡਾਕੂਮੈਂਟਰੀ ਫਿਲਮਾਂ ਵਿਚ ਪਿਠਵਰਤੀ ਗਾਇਕ ਤੋਂ ਇਲਾਵਾ ਖੁਦ ਤਿਆਰ ਕੀਤੀਆਂ 4 ਡਾਕੂਮੈਂਟਰੀ ਫਿਲਮਾਂ, 6 ਖੋਜ ਸਕ੍ਰਿਪਟ ਅਤੇ ਪੰਜਾਬੀ ਯੂਨੀਵਰਸਿਟੀ ਵੱਲੋਂ ਮਿਲੇ ਪ੍ਰਾਜੈਕਟ ਅਧੀਨ "ਪੰਜਾਬੀ ਲੋਕ ਸੰਗੀਤ ਵਿਰਾਸਤ" ਦੀ ਸੰਭਾਲ ਤਹਿਤ, 400 ਕਲਾਕਾਰਾਂ ਦੀ ਵਰਕਸ਼ਾਪ ਆਯੋਜਿਤ ਕਰਕੇ ਉਨ੍ਹਾਂ ਉੱਪਰ ਫਿਲਮ ਬਨਾਉਣ ਦਾ ਮਹੱਤਵਪੂਰਨ ਕਾਰਜ ਸਰੰਜਾਮ ਦਿੱਤਾ।

ਰਾਸ਼ਟਰੀ ਪੱਧਰ ਦੇ 7 ਸੈਮੀਨਾਰਾਂ ਦਾ ਸਫਲ ਆਯੋਜਨ, ਆਪ ਦੀ ਕੁਸ਼ਲ ਪ੍ਰਬੰਧਕੀ ਸ਼ੈਲੀ ਦਾ ਲਖਾਇਕ ਹੈ। ਹੁਣ ਤੱਕ ਆਪ ਦੀ ਨਿਗਰਾਨੀ ਅਧੀਨ ਦੋ ਵਿਦਿਆਰਥੀਆਂ ਨੇ ਆਪਣਾ ਖੋਜ ਕਾਰਜ ਮੁਕੰਮਲ ਕਰਕੇ ਡਾਕਟ੍ਰੇਟ ਦੀ ਡਿਗਰੀ ਹਾਸਲ ਕੀਤੀ ਅਤੇ ਕਈ ਵਿਦਿਆਰਥੀ ਐਮ. ਫਿਲ ਆਦਿ ਖੋਜ ਕਾਰਜਾਂ ਦੀ ਪੂਰਤੀ ਕਰ ਚੁੱਕੇ ਅਤੇ ਕਈ ਕਰ ਰਹੇ ਹਨ।

ਉਹ ਬੜੀ ਸ਼ਿੱਦਤ ਨਾਲ ਮਹਿਸੂਸ ਕਰਦੇ ਹਨ ਕਿ ਪਾਰੰਪਰਿਕ ਕੀਰਤਨ ਮਰਯਾਦਾ ਉੱਪਰ ਕੌਮ ਵੱਲੋਂ ਕਰੜਾਈ ਨਾਲ ਪਹਿਰਾ ਨਾ ਦੇ ਸਕਣ ਕਾਰਨ ਅੱਜ ਕੀਰਤਨ ਮਰਿਆਦਾ ਖੰਡਿਤ ਹੋ ਚੁੱਕੀ ਹੈ। ਉਨ੍ਹਾਂ ਨੂੰ ਖੁਸ਼ੀ ਹੈ ਕਿ ਸੰਤ ਬਾਬਾ ਸੁੱਚਾ ਸਿੰਘ ਜੀ ਦੇ ਅਦਾਰਾ 'ਵਿਸਮਾਦੁ ਨਾਦ' ਰਾਹੀਂ ਆਰੰਭੇ ਸੁਚੱਜੇ ਪ੍ਰੇਰਨਾ ਸਦਕਾ ਅਤੇ ਸ੍ਰ. ਸਵਰਨ ਸਿੰਘ ਬੋਪਾਰਾਇ ਵਾਈਸ ਚਾਂਸਲਰ ਦੇ ਜਤਨਾਂ ਸਦਕਾ ਪੰਜਾਬੀ ਯੂਨੀਵਰਸਿਟੀ ਵਿਚ ਗੁਰਮਤਿ ਸੰਗੀਤ ਦੀ ਸਥਾਪਨਾ ਹੋਈ ਅਤੇ ਗੁਰਮਤਿ ਸੰਗੀਤ ਦੀ ਐਮ.ਏ. ਪੱਧਰ ਦੀ ਪੜ੍ਹਾਈ ਸ਼ੁਰੂ ਹੋਈ। ਇਸ ਤੋਂ ਪਹਿਲਾਂ ਡਾ. ਜੋਗਿੰਦਰ ਸਿੰਘ ਪੁਆਰ ਉਪ-ਕੁਲਪਤੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਡਾ. ਹਰਭਜਨ ਸਿੰਘ

ਸੋਚ, ਉਪ-ਕੁਲਪਤੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਸਹਿਯੋਗ ਨਾਲ ਬੀ. ਏ., ਐਮ. ਏ. ਪੱਧਰ ਤੱਕ ਸੰਗੀਤ ਨੂੰ ਚੋਣਵੇਂ ਵਿਸ਼ੇ ਵੱਜੋਂ ਪ੍ਰਵਾਨਗੀ ਦਿਵਾਉਣ ਤੋਂ ਇਲਾਵਾ ਪੰਜਾਬੀ ਯੂਨੀਵਰਸਿਟੀ ਦੇ ਪੱਤਰ ਵਿਹਾਰ ਵਿਭਾਗ ਵੱਲੋਂ ਇਕ ਸਾਲ ਦਾ ਡਿਪਲੋਮਾ ਇਨ ਗੁਰਮਤਿ ਸੰਗੀਤ ਸ਼ੁਰੂ ਕੀਤਾ ਗਿਆ ਹੈ। ਜਿਸ ਵਿਚ ਦਸਵੀਂ ਪਾਸ ਕਰਨ ਉਪਰੰਤ, ਕਿਸੇ ਵੀ ਸੰਗੀਤ ਵਿਦਿਆਲੇ ਵਿਚੋਂ ਦੋ ਸਾਲ ਦੀ ਸੰਗੀਤ ਸਿਖਲਾਈ ਹਾਸਲ ਕਰ ਚੁੱਕੇ ਵਿਦਿਆਰਥੀ, ਦਾਖਲਾ ਲੈਣ ਦੇ ਯੋਗ ਹੋ ਸਕਣਗੇ। ਪਹਿਲਾਂ ਇਸ ਕਿਸਮ ਦਾ ਡਿਪਲੋਮਾ ਸਿਰਫ ਪ੍ਰਾਚੀਨ ਕਲਾ ਕੇਂਦਰ ਅਤੇ ਗੰਧਰਵ ਮਹਾਂ-ਵਿਦਿਆਲੇ ਕੋਲ ਹੀ ਸੀ।

ਇਹਨਾਂ ਕੋਰਸਾਂ ਦੀ ਸਮੁੱਚੀ ਰੂਪ ਰੇਖਾ ਉਲੀਕਣ ਅਤੇ ਪਾਠ ਕ੍ਰਮ ਤਿਆਰ ਕਰਨ ਦਾ ਸਿਹਰਾ ਵੀ ਡਾ. ਗੁਰਨਾਮ ਸਿੰਘ ਦੇ ਸਿਰ ਹੀ ਬੱਝਦਾ ਹੈ। ਅਨੇਕਾਂ ਸੰਸਥਾਵਾਂ ਵੱਲੋਂ ਪ੍ਰਾਪਤ ਹੋ ਚੁੱਕੇ ਮਾਣ-ਸਨਮਾਨ ਉਨ੍ਹਾਂ ਦੇ ਉਤਸ਼ਾਹ ਵਿਚ ਨਿਰੰਤਰ ਵਾਧਾ ਕਰਦੇ ਰਹਿੰਦੇ ਹਨ।

ਅਦਾਰਾ 'ਵਿਸਮਾਦੁ ਨਾਦ' ਵੱਲੋਂ 1991 ਵਿਚ ਆਰੰਭੇ ਗਏ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਦੀ ਰੂਪ ਰੇਖਾ ਵਿਉਂਤਣ, ਸੋਵੀਨਾਰ ਸੰਪਾਦਤ ਕਰਨ, ਰਾਗ ਨਿਰਣਾਇਕ ਕਮੇਟੀ ਵਿਚ ਅਹਿਮ ਭੂਮਿਕਾ ਨਿਭਾਉਣ ਤੋਂ ਇਲਾਵਾ ਉਨ੍ਹਾਂ ਦੇ 16 ਕੈਸਟਾਂ ਦੇ ਯਾਦਗਾਰੀ ਆਡੀਓ ਸੈੱਟ ਵਿਚ 3 ਸ਼ਬਦ ਰਾਗੁ ਮਾਝ, ਬੈਰਾੜੀ ਅਤੇ ਰਾਮਕਲੀ ਵਿਚ ਗਾਉਣ ਦਾ ਮਾਣ ਹਾਸਲ ਕੀਤਾ। ਆਪ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ ਸ਼ੁੱਧ 31 ਤੇ 31 ਰਾਗ ਪ੍ਰਕਾਰਾਂ ਨੂੰ ਗਾਇਨ ਕਰਕੇ ਐਚ. ਐਮ. ਵੀ. ਕੰਪਨੀ ਵਿਚ ਰਿਕਾਰਡ ਕਰਵਾ ਕੇ ਸੰਗਤਾਂ ਦੀ ਭਰਪੂਰ ਅਸੀਸ ਲਈ।

ਅਦੁੱਤੀ ਗੁਰਮਤਿ ਸੰਗੀਤ ਸੰਮੇਲਨਾਂ ਦੌਰਾਨ ਵੀ ਗੁਰਮਤਿ ਪ੍ਰਤੀ ਸੇਵਾਵਾਂ ਨੂੰ ਪੂਰੀ ਵਚਨਬੱਧਤਾ ਅਤੇ ਸੁਹਿਰਦਤਾ ਸੰਗ ਨਿਭਾਉਂਦੇ ਆ ਰਹੇ ਇਸ ਨੌਜਵਾਨ ਗਾਇਕ ਦੀਆਂ ਸੰਭਾਵਨਾਵਾਂ ਨੂੰ ਸਿਜਦਾ ਕਰਨ ਲਈ ਅਦਾਰਾ 'ਵਿਸਮਾਦੁ ਨਾਦ' (ਜਵੱਦੀ ਟਕਸਾਲ) ਨੇ 1992 ਵਿਚ 25000/- ਰੁ., ਦੁਸ਼ਾਲੇ, ਸਿਰਪਾਓ ਅਤੇ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ ਸੀ। ਹੁਣ ਭਾਸ਼ਾ ਵਿਭਾਗ ਵਲੋਂ ਵੀ ਇਹਨਾਂ ਨੂੰ ਸ਼੍ਰੋਮਣੀ ਰਾਗੀ ਐਵਾਰਡ ਪ੍ਰਦਾਨ ਕੀਤਾ ਗਿਆ ਹੈ।

**ਭਾਈ ਬਲਜੀਤ ਸਿੰਘ ਗੁਰਮਤਿ ਸਿੰਘ ਜੀ**

ਨਾਨਕੇ ਦਾਦਕੇ ਪਰਿਵਾਰਾਂ ਦੀ ਸ਼ੌਕੀਆ ਗਾਇਕੀ ਨੂੰ ਧਰੂ ਤਾਰੇ ਵਾਂਗ ਚਮਕਾਉਣ ਵਾਲੇ ਭਾਈ ਬਲਜੀਤ ਸਿੰਘ (ਜਨਮ 12.11.1962) ਅਤੇ ਉਨ੍ਹਾਂ ਦੇ ਛੋਟੇ ਭਰਾ ਭਾਈ ਗੁਰਮੀਤ ਸਿੰਘ (ਜਨਮ 9.9.1974) ਨੇ ਕਦੇ ਵੀ ਗਾਇਨ ਕਲਾ ਨੂੰ ਕਿੱਤਾ ਮੁੱਖ ਰੂਪ ਵਿਚ ਅਪਣਾਉਣ ਦਾ ਨਹੀਂ ਸੀ ਸੋਚਿਆ। ਬਾਬਾ ਜਗਜੀਤ ਸਿੰਘ ਜੀ ਦੀ ਛਤਰ ਛਾਇਆ ਵਿਚ 'ਨਾਮਧਾਰੀ ਦਰਬਾਰ ਭੈਣੀ ਸਾਹਿਬ' (ਲੁਧਿਆਣਾ) ਵਿਚੇ ਪਲੇ ਤੇ ਪ੍ਰਵਾਨ ਚੜ੍ਹੇ ਇਨ੍ਹਾਂ ਵੀਰਾਂ ਨੂੰ ਉਨ੍ਹਾਂ ਦੇ ਇਹ ਬਚਨ ਸਨ ਕਿ 'ਸਕੂਲੀ ਪੜ੍ਹਾਈ ਤਾਂ ਕਦੇ ਵੀ ਆ ਸਕਦੀ ਹੈ ਪਰ ਸੰਗੀਤ ਦੀ ਤਾਲੀਮ ਫੇਰ ਹੱਥ ਨਹੀਂ ਆਉਣੀ।' ਸੋ ਇਨ੍ਹਾਂ ਨੇ ਆਪਣਾ ਆਪਾ ਸੰਗੀਤ ਨੂੰ ਸੌਂਪ ਦਿੱਤਾ। ਦਿਨ ਵਿਚ ਚਾਰ-ਪੰਜ ਵਾਰੀ ਉਹ ਖੁਦ, ਇਨ੍ਹਾਂ ਹੋਣਹਾਰ ਬੱਚਿਆਂ ਨੂੰ ਕੀਰਤਨ ਤੇ ਰਾਗ ਵਿਦਿਆ ਵਿਚ ਮੁਹਾਰਤ ਦੇਂਦੇ ਰਹੇ। ਇਹ ਸਿਖਲਾਈ ਨਿਰੰਤਰ 6 ਸਾਲ ਚੱਲਦੀ ਰਹੀ।

ਰਾਗਾਂ ਦੀ ਸ਼ੁੱਧ ਗੀਤ ਨੂੰ ਕਾਇਮ ਰੱਖਣ, ਰਾਗ ਦੀ ਕਦਰ ਕਰਨ ਅਤੇ ਕਰਵਾਉਣ ਨੂੰ ਕਲਾਕਾਰ ਦਾ ਧਰਮ ਮੰਨਣ ਵਾਲੇ ਭਾਈ ਬਲਜੀਤ ਸਿੰਘ ਗੁਰਮੀਤ ਸਿੰਘ ਨੇ ਜ਼ਿਲ੍ਹਾ ਅੰਮ੍ਰਿਤਸਰ, ਪਿੰਡ ਖਾਪੜ ਖੇੜੀ ਦੇ ਸਾਧਾਰਨ ਪਰ ਸੱਚੇ ਸੁੱਚੇ, ਨਿਤਨੇਮੀ, ਕਲਾਤਮਕ ਪਰਿਵਾਰ ਵਿਚ ਮਾਤਾ ਪ੍ਰੀਤਮ ਕੌਰ ਦੀ ਕੁੱਖ ਤੋਂ ਪਿਤਾ ਸ੍ਰ. ਗੁਰਬਚਨ ਸਿੰਘ ਦੇ ਘਰ ਜਨਮੇ।

ਵਿਦਿਅਕ ਯੋਗਤਾ ਬਾਰੇ ਭਾਈ ਗੁਰਮੀਤ ਸਿੰਘ ਹੱਸਦਿਆਂ ਆਖਦੇ ਹਨ ਕਿ 'ਐਮ.ਏ. ਪਾਸ ਹੀ ਸਮਝੋ, ਸਾਡੀਆਂ ਦੋਹਾਂ ਭਰਾਵਾਂ ਦੀਆਂ ਰਲਾ ਕੇ ਸੋਲਾਂ ਜਮਾਤਾਂ ਬਣਦੀਆਂ ਨੇ।' ਸੰਗੀਤ ਦੀ ਸ਼ਾਸਤਰੀ ਵਿਦਿਆ ਵਿਚ ਉਹ ਆਪਣੇ ਉਸਤਾਦ ਨਾਮਧਾਰੀ ਸੰਪਰਦਾ ਦੇ ਮੁਖੀ ਬਾਬਾ ਜਗਜੀਤ ਸਿੰਘ ਹੁਰਾਂ ਨੂੰ ਮੰਨਦੇ ਹਨ। ਉਨ੍ਹਾਂ ਦੀ ਹੀ ਪ੍ਰੇਰਨਾ ਸਦਕਾ ਪ੍ਰਸਿੱਧ ਠੁਮਰੀ ਗਾਇਕ ਭਾਈ ਮਹਿੰਦਰ ਸਿੰਘ, ਅੰਮ੍ਰਿਤਸਰ ਪਾਸੋਂ ਵੀ ਸਿੱਖਿਆ ਹਾਸਲ ਕੀਤੀ। ਮੁੱਢਲੀ ਵਿਦਿਆ ਮਾਤਾ ਪਿਤਾ ਤੋਂ ਇਲਾਵਾ ਭਾਈ ਮਹਿੰਦਰ ਸਿੰਘ ਸੁਰਜੀਤ ਸਿੰਘ ਪਾਸੋਂ 1973 ਦੇ ਆਸ ਪਾਸ ਲਈ। ਜਦ ਕਿ ਤਾਰ ਸ਼ਹਿਨਾਈ ਵਾਦਕ ਉਸਤਾਦ ਪਿਆਰਾ ਸਿੰਘ ਦਿੱਲੀ ਪਾਸੋਂ ਦਿਲਰੁਬਾ, ਤਾਰ ਸ਼ਹਿਨਾਈ ਤੇ ਰਬਾਬ ਸਿੱਖੀ। ਪੰਡਿਤ ਗੋਪਾਲ ਕ੍ਰਿਸ਼ਨ ਦਿੱਲੀ ਪਾਸੋਂ ਵਿਚਿਤਰ ਵੀਣਾ ਦੀ ਸਿਖਲਾਈ ਲਈ ਤੇ ਵਿਸ਼ਵ ਪ੍ਰਸਿੱਧ ਉਸਤਾਦ ਵਿਲਾਇਤ ਖਾਂ ਤੇ ਸ਼ਹਿਨਾਈ ਉਸਤਾਦ ਬਿਸਮਿੱਲਾ ਖਾਂ ਪਾਸੋਂ ਸਿੱਖੀ। ਇਸ ਸਾਰੀ ਸਿਖਲਾਈ ਲਈ 18 ਸਾਲ ਦਾ ਸਮਾਂ ਵਕਫ਼ ਹੋਇਆ।

1983 ਵਿਚ ਆਕਾਸ਼ਵਾਣੀ ਵਲੋਂ ਆਯੋਜਿਤ ਰਾਸ਼ਟਰੀ ਪੱਧਰ ਦੇ ਮੁਕਾਬਲੇ ਵਿਚ ਆਪ ਨੇ ਅਵੱਲ ਰਹਿਣ ਦਾ ਮਾਣ ਪ੍ਰਾਪਤ ਕੀਤਾ। ਹੁਣ ਤੱਕ ਅਮਰੀਕਾ, ਕੈਨੇਡਾ, ਇੰਗਲੈਂਡ, ਥਾਈਲੈਂਡ, ਤਨਜ਼ਾਨੀਆ, ਨੈਰੋਬੀ ਆਦਿ ਤੋਂ ਇਲਾਵਾ ਭਾਰਤ ਦੇ ਦੂਰ-ਦਰਾਜ਼ ਖਿੱਤਿਆਂ ਵਿਚ ਵੀ ਅਨੇਕਾਂ ਵਾਰ ਗਾ ਕੇ ਸੰਗਤਾਂ ਦਾ ਮਾਣ, ਪਿਆਰ ਤੇ ਸਤਿਕਾਰ ਹਾਸਲ ਕਰ ਚੁੱਕੇ ਇਨ੍ਹਾਂ ਭਰਾਵਾਂ ਦੀ ਅਭੁੱਲ ਯਾਦ ਵਿਚ ਗਵਾਲੀਅਰ ਦਾ ਸਾਲਾਨਾ 'ਤਾਨਸੈਨ ਸਮਾਰੋਹ' ਸ਼ਾਮਲ ਹੈ। ਭਾਰਤ ਦੇ ਇਸ ਸਭ ਤੋਂ ਅਜ਼ੀਮ ਸੰਗੀਤ ਸਮਾਰੋਹ ਵਿਚ ਗਾਉਣ ਦੀ ਹਸਰਤ ਪੁੱਗਣ ਵੇਲੇ ਤੱਕ ਅਕਸਰ ਗਾਇਕਾਂ ਦੀ ਉਮਰ ਢਲ ਜਾਂਦੀ ਹੈ। 1986 ਈ. ਵਿਚ ਇਨ੍ਹਾਂ ਨੂੰ ਉਸ ਸੰਮੇਲਨ ਵਿਚ ਗਾਉਣ ਦਾ ਮੌਕਾ ਮਿਲਿਆ ਤਾਂ ਦਰਸ਼ਕਾਂ ਵਿਚ ਬੈਠੇ ਇਨ੍ਹਾਂ ਦੇ ਪਿਤਾ ਜੀ ਨੂੰ ਦੂਰਦਰਸ਼ਨ ਨੇ ਉਚੇਚੇ ਤੌਰ 'ਤੇ ਫਿਲਮਾਉਂਦਿਆਂ, ਉਨ੍ਹਾਂ ਦਾ ਅਨੁਭਵ ਵੀ ਰਿਕਾਰਡ ਕੀਤਾ। ਦੂਰਦਰਸ਼ਨ ਦੀ ਰਿਪੋਰਟ ਮੁਤਾਬਿਕ ਭਾਈ ਬਲਜੀਤ ਸਿੰਘ ਗੁਰਮੀਤ ਸਿੰਘ ਪਹਿਲੇ ਗਾਇਕ ਹੋਣਗੇ ਜਿਨ੍ਹਾਂ ਨੂੰ ਇਸ ਮੰਚ ਤੋਂ ਸੁਨਣ ਦਾ ਸੁਭਾਗ ਉਨ੍ਹਾਂ ਦੇ ਪਿਤਾ ਨੂੰ ਮਿਲਿਆ। ਵਰਨਾ ਏਨੀ ਛੋਟੀ ਉਮਰ ਵਿਚ ਗਵਾਲੀਅਰ ਤੋਂ 47 ਕਿ. ਮੀ. ਦੂਰ ਸਥਿਤ ਮੀਆਂ ਤਾਨਸੈਨ ਦੇ ਪਿੰਡ 'ਬੇਰਟ' ਵਿਚ ਜਾ ਕੇ ਗਾਉਣਾ ਹਰ ਕਿਸੇ ਦਾ ਨਸੀਬ ਨਹੀਂ ਬਣਦਾ।

ਉਨ੍ਹਾਂ ਦੀ ਧਾਰਨਾ ਹੈ ਕਿ ਉਹ ਜਦੋਂ ਵੀ ਗਾਉਂਦੇ ਹਨ ਆਪਣੇ ਗੁਰੂਦੇਵ ਨੂੰ ਸੁਣਾ ਰਹੇ ਹੁੰਦੇ ਹਨ, ਕਿਸੇ ਹਜੂਮ ਨੂੰ ਨਹੀਂ, ਇਸੇ ਲਈ ਸਤਿਗੁਰਾਂ ਦੀ ਰਹਿਮਤ ਹਮੇਸ਼ਾਂ ਉਨ੍ਹਾਂ ਦੇ ਅੰਗ ਸੰਗ ਰਹਿੰਦੀ ਹੈ।

ਉਨ੍ਹਾਂ ਦੀ ਅਜ਼ੀਮ ਪ੍ਰਾਪਤੀ ਪਿੱਛੇ 16-16 ਘੰਟੇ ਦਾ ਨਿਰੰਤਰ ਰਿਆਜ਼ ਅਤੇ ਗੁਰੂ ਦੀ ਅਪਾਰ ਬਖਸ਼ਿਸ਼ ਹੈ। ਉਨ੍ਹਾਂ ਨੇ ਗੁਰਮਤਿ ਅਨੁਸਾਰ ਹੀ ਸਿੱਖਿਆ ਹੈ ਤੇ ਉਸੇ ਅਨੁਕੂਲ ਆਪਣੇ ਆਪ ਨੂੰ ਢਾਲ ਰਹੇ ਹਨ। ਉਨ੍ਹਾਂ ਫ਼ਖਰ ਹੈ ਕਿ ਉਨ੍ਹਾਂ ਦੀ ਗਾਇਕੀ ਵਿਚ ਉਸਤਾਦਾਂ ਦੀ ਅਸੀਸ ਸਦਕਾ ਧਰੁਪਦ, ਧਮਾਰ, ਖਿਆਲ, ਪੜਤਾਲ, ਗੁਲਦਸਤਾ, ਸਵਾ ਗਿਆਰਾਂ, ਸਵਾ ਚੌਦਾਂ, ਪੰਦਰਾਂ, ਚਤੁਰੰਗ, ਠੁਮਰੀ ਤੇ ਤਰਾਨਾ ਦੀ ਮੁਹਾਰਤ ਸ਼ਾਮਲ ਹੈ।

ਤਾਰ ਸ਼ਹਿਨਾਈ ਦੀਆਂ ਸੁਰਾਂ 'ਚ ਭਿੱਜ ਕੇ ਗਾਏ ਸ਼ਬਦਾਂ ਦੀਆਂ ਟੀ-ਸੀਰੀਜ਼ ਵਲੋਂ ਹੁਣ ਤੱਕ ਉਨ੍ਹਾਂ ਦੀਆਂ ਤਿੰਨ ਆਡੀਓ ਕੈਸਿਟਾਂ 'ਤੇਰਾ ਦਿਤਾ ਖਾਵਣਾ', 'ਧੁਰ ਕੀ ਬਾਣੀ ਆਈ', 'ਜਲੇ ਹਰੀ ਥਲੇ ਹਰੀ' ਅਤੇ ਟੈਕਸਲਾ ਵਲੋਂ ਦੋ ਕੈਸਿਟਾਂ 'ਭਾਗ ਹੋਆ ਗੁਰ ਸੰਤ ਮਿਲਾਇਆ', 'ਮਾਧੋ ਹਮ ਐਸੇ ਤੂੰ ਐਸਾ' ਰਿਲੀਜ਼ ਹੋ ਚੁੱਕੀਆਂ ਹਨ।

ਤਾਰ ਸ਼ਹਿਨਾਈ ਵਾਂਗ ਹੀ ਸੁਰ ਕੀਤੇ ਇਕਹਿਰੇ ਤੰਦਰੁਸਤ ਸਰੀਰ ਤੇ ਰੌਸ਼ਨ ਸੰਗੀਤਕ ਸੂਝ ਦੇ ਮਾਲਕ ਦੋਵੇਂ ਵੀਰ, ਜਦੋਂ ਨਾਮਧਾਰੀ ਗੋਲ ਦਸਤਾਰਾਂ ਨਾਲ ਸਫ਼ੈਦ ਬਾਣੇ ਪਾ ਕੇ ਮੰਚ ਨੂੰ ਨਤਮਸਤਕ ਹੁੰਦੇ, ਆਪਣੇ ਸਾਜ਼ਾਂ ਨੂੰ ਹੱਥ 'ਚ ਲੈ ਕੇ ਨੇਤਰ ਮੁੰਦਦੇ ਹਨ ਤਾਂ ਚੌਤਰਫ਼ੀ ਇਬਾਦਤ ਦਾ ਵਾਤਾਵਰਣ ਪਸਰ ਜਾਂਦਾ ਹੈ। ਆਪੇ ਨਿਤਨੇਮ, ਬਾਣੀ ਤੇ ਬਾਣੇ ਤੋਂ ਇਲਾਵਾ, ਖੁਰਾਕ ਬਾਰੇ ਵੀ ਪੂਰੀ ਤਰ੍ਹਾਂ ਸੁਚੇਤ, ਇਹ ਹੰਸਾਂ ਦੀ ਜੋੜੀ ਸਮੁੱਚੀ ਕੌਮ ਦਾ ਸਰਮਾਇਆ ਹੈ। ਜਿਨ੍ਹਾਂ ਨੂੰ ਸੱਤਵੇਂ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਵਿਚ 'ਗੁਰਮਤਿ ਸੰਗੀਤ ਐਵਾਰਡ' ਨਾਲ ਸਨਮਾਨਿਤ ਕੀਤਾ ਗਿਆ ਅਤੇ ਭਾਸ਼ਾ ਵਿਭਾਗ ਵਲੋਂ ਵੀ ਇਹਨਾਂ ਨੂੰ ਸ਼੍ਰੋਮਣੀ ਰਾਗੀ ਐਵਾਰਡ ਨਾਲ ਨਿਵਾਜਿਆ ਗਿਆ ਹੈ।

# ਰਬਾਬੀ ਭਾਈ ਗੁਲਾਮ ਮੁਹੰਮਦ ਚਾਂਦ ਦਾ ਕੀਰਤਨ

ਹਰਪਾਲ ਸਿੰਘ ਪੰਨੂ : ਪੰਜਾਬੀ ਟ੍ਰਿਬਿਊਨ 'ਚੋਂ ਧੰਨਵਾਦ ਸਹਿਤ

ਭਾਈ ਸਾਹਿਬ ਆਪਣੇ ਕੀਰਤਨੀ ਜਥੇ ਸਣੇ ਪੰਜਾਬੀ ਯੂਨੀਵਰਸਿਟੀ ਦੀ ਸਭ ਤੋਂ ਸੋਹਣੀ ਇਮਾਰਤ ਗੁਰੂ ਗੋਬਿੰਦ ਸਿੰਘ ਭਵਨ ਵਿਚ ਤਸ਼ਰੀਫ ਲਿਆਏ ਤਾਂ ਉਡੀਕਵਾਨਾਂ ਦੇ ਚਿਹਰੇ ਖਿੜ ਗਏ। ਤਿੰਨ ਗਾਇਕ, ਚੌਥਾ ਤਬਲਾ ਵਾਦਕ। ਰਬਾਬੀਆਂ ਦੇ ਇਸ ਜਥੇ ਦਾ ਪਿਛੋਕੜ ਭਾਈ ਮਰਦਾਨਾ ਜੀ ਨਾਲ ਜੁੜਦਾ ਹੈ। ਸਿੱਧੇ ਸਾਦੇ ਇਨ੍ਹਾਂ ਬੰਦਿਆਂ ਨੇ ਗਾਉਣਾ ਸ਼ੁਰੂ ਕੀਤਾ ਤਾਂ ਸਮਾਂ ਰੁਕ ਕੇ ਦਿਲਾਂ ਨੂੰ ਧੂਹ ਪਾਉਂਦੀਆਂ ਸੁਰਾਂ ਸੁਣਨ ਲੱਗਾ। ਨਾਲ ਬੈਠੇ ਸਰੋਤੇ ਨੂੰ ਸਾਹ ਲੈਣ ਦੀ ਆਵਾਜ਼ ਵੀ ਨਾ ਸੁਣ ਜਾਵੇ, ਅਜਿਹਾ ਅਹਿਸਾਸ ਸੀ। 'ਏਹੋ ਹਮਾਰਾ ਜੀਵਣਾ ਤੂੰ ਸਾਹਿਬ ਸਚੇ ਦੇਖ' ਅਤੇ 'ਮਿੱਤਰ ਪਿਆਰੇ ਨੂੰ' ਸ਼ਬਦ ਗਾਉਂਦਿਆਂ ਵਾਰ ਵਾਰ ਪਰਨੇ ਨਾਲ ਭਾਈ ਚਾਂਦ ਆਪਣੀਆਂ ਅੱਖਾਂ ਸਾਫ ਕਰਦੇ ਰਹੇ। ਜੀਵਨ ਵਿਚ ਪਹਿਲੀ ਵਾਰ ਮੈਂ ਅਜਿਹਾ ਕੋਈ ਬੰਦਾ ਦੇਖਿਆ ਜਿਸ ਨੇ ਡੇਢ ਘੰਟਾ ਤਰ ਅੱਖਾਂ ਨਾਲ ਮੁਸਕਰਾਉਂਦਿਆਂ ਗਾਇਆ।

ਸਾਲ ਕੁ ਪਹਿਲਾਂ ਸੰਗੀਤ ਦੇ ਪ੍ਰੋਫੈਸਰ ਭੱਟਾਚਾਰੀਆ ਯੂਨੀਵਰਸਿਟੀ ਵਿਚ ਆਏ ਤਾਂ ਦੇਰ ਤੱਕ ਗੱਲਾਂ ਕਰਦੇ ਰਹੇ। ਮੈਂ ਪੁੱਛਿਆ ਜੀ! ਸਭ ਤੋਂ ਵਧੀਆ ਕਿਹੜਾ ਗਾਇਕ ਲੱਗਾ ਤੁਹਾਨੂੰ? ਉਨ੍ਹਾਂ ਦੱਸਿਆ ਖੁਸ਼ਕਿਸਮਤ ਬੰਦਾ ਹਾਂ ਜਿਸ ਨੇ ਆਮੀਰ ਖਾਨ ਅਤੇ ਉਸਤਾਦ ਬੜੇ ਗੁਲਾਮ ਅਲੀ ਖਾਂ ਨੂੰ ਵੱਖ-ਵੱਖ ਮੌਕਿਆਂ 'ਤੇ ਗਾਉਂਦਿਆਂ ਨੇੜੇ ਬੈਠ ਕੇ ਸੁਣਿਆ। ਮੈਂ ਪੁੱਛਿਆ-ਇਨ੍ਹਾਂ ਦੋਵਾਂ ਵਿਚੋਂ ਕਿਹੜਾ ਚੰਗਾ ਲੱਗਾ? ਉਹ ਬੋਲੇ 'ਆਮੀਰ ਖਾਨ ਬਹੁਤ ਬਾਰੀਕ ਥੇ। ਇਤਨਾ ਸ਼ੁੱਧ ਗਾਤੇ ਥੇ ਜਿਤਨਾ ਆਦਮੀ ਕੇ ਬਸ ਕੀ ਬਾਤ ਨਹੀਂ... ਪਰਵਾਹ ਨਹੀਂ ਕਿਤਨਾ ਸਮਯ ਬੀਤ ਗਯਾ। ਬੇਖਬਰੀ ਮੇਂ ਭੀ ਰਾਗ ਸ਼ੁੱਧ ਕਾ ਸ਼ੁੱਧ। ਖੁਦ ਗਾ ਰਹੇ ਹੈ... ਖੁਦ ਸੁਨ ਰਹੇ ਹੈਂ। ਇਸ ਤਰਹ ਕੇ ਥੇ ਵੋ। ਔਰ ਰਹੀ ਬਾਤ ਬੜੇ ਖਾਨ ਸਾਹਿਬ ਕੀ। ਬਨੀਏ ਕੀ ਤਰਹ ਰਾਗ ਕਾ ਬੈਲੈਂਸ ਬਰਾਬਰ ਨਹੀਂ ਰੱਖਤੇ ਥੇ। ਮੌਜ ਲੇਤੇ ਥੇ ਜੀ ਪੂਰੀ। ਗਾਏ ਜਾ ਰਹੇ ਥੇ ਲਗਾਤਾਰ ਤੋਂ ਮੈਨੇ ਇਧਰ ਉਧਰ ਨਜ਼ਰ ਘੁਮਾਈ। ਹਜ਼ਾਰੋਂ ਮੇ ਸੇ ਏਕ ਕੀ ਭੀ ਆਂਖ ਸੂਖੀ ਨਹੀਂ ਥੀ ਵਹਾਂ। ਔਰ ਅਮੀਰ ਖਾਂ ਸਾਹਿਬ ਅਪਨੇ ਉਪਰ ਪੂਰਾ ਕਾਬੂ ਪਾਏ ਹੂਏ ਗਾ ਰਹੇ ਥੇ। ਦਿਲ, ਆਂਖੋ ਕੇ ਜ਼ਰੀਏ ਬਾਹਰ ਆਨਾ ਮਾਂਗਤਾ ਥਾਂ ਪਰ ਉਸਤਾਦ ਕੀ ਪਕੜ ਕੋਈ ਆਮ ਥੋੜੇ ਥੀ। ਆਮੀਰ ਖਾਨ ਆਪਣੇ ਸੇ ਉਠ ਕਰ ਅਪਨੇ ਆਪ ਤੱਕ ਪਹੁੰਚਤੇ ਥੇ। ਉਸਤਾਦ ਬੜੇ ਗੁਲਾਮ ਅਲੀ ਖਾਂ ਸਾਹਿਬ ਅਪਨੇ ਸੇ ਚਲ ਕਰ ਹਰੇਕ ਦਿਲ ਤੱਕ ਪਹੁੰਚਤੇ ਥੇ। ਇਸ ਤਰ੍ਹਾਂ ਕੇ ਥੇ ਦੋਨੋਂ। ਅਬ ਤੁਮ ਹਿਸਾਬ ਲਗਾ ਲੇਨਾ।'

ਭਾਈ ਚਾਂਦ ਨੂੰ ਸੁਣ ਕੇ ਮੈਨੂੰ ਭੱਟਾਚਾਰੀਆ ਦੀ ਦੱਸੀ ਗੱਲ ਹੁਣ ਸਮਝ ਵਿਚ ਆਈ। ਸੇਵਾਦਾਰਾਂ ਤੋਂ ਲੈ ਕੇ ਸੰਗੀਤ ਆਚਾਰੀਆ ਤੱਕ, ਅਨਪੜ੍ਹਾਂ ਤੋਂ ਲੈ ਕੇ ਵਿਦਵਾਨਾਂ ਤੱਕ, ਸਭ ਨੂੰ ਬਰਾਬਰ ਕਰ ਦਿੱਤਾ। ਕੀਰਤਨ ਮੁੱਕਣ ਪਿਛੋਂ ਸਰੋਤਿਆਂ ਨੇ ਘੇਰ ਹੀ ਲਿਆ ਉਨ੍ਹਾਂ ਨੂੰ। ਇਸ ਗੱਲ ਨੇ ਮਨ ਨੂੰ ਤਸੱਲੀ ਦਿੱਤੀ ਕਿ ਪੰਜਾਬੀ ਯੂਨੀਵਰਸਿਟੀ ਨੇ ਉਨ੍ਹਾਂ ਨੂੰ ਉਹੀ ਸਨਮਾਨ ਦਿੱਤਾ ਜਿਸ ਦੇ ਉਹ ਹੱਕਦਾਰ ਸਨ। ਨਾ ਘੱਟ ਨਾ ਵੱਧ। ਗੱਲਾਂ ਕਰਦਿਆਂ ਦੱਸਣ ਲੱਗੇ 'ਜੀ ਡਰਦੇ ਡਰਦੇ ਆਏ ਸਾਂ। ਸਾਨੂੰ ਇਧਰ ਤੋਰਨ ਵਾਲੇ ਕਹਿੰਦੇ ਸਨ ਉਥੇ ਬੜੇ ਪਰਬੀਨ ਰਾਗੀ ਹਨ, ਮੌਸਿਕੀ ਦੇ ਭਾਰੀ ਆਲਮ ਹਨ। ਧਿਆਨ ਨਾਲ ਗਾਉਣਾ। ਮਨ ਵਿਚ ਇਹੋ ਗੱਲ ਬਾਰ ਬਾਰ ਧਰਵਾਸ ਦੇਂਦੀ ਸੀ ਕਿ ਸਾਡੇ ਬਾਬਾ ਮਰਦਾਨਾ ਨੂੰ ਜਿਸ ਪੈਗੰਬਰ ਨੇ ਚੁਣਿਆ ਤੇ ਥਾਪੜਾ ਦਿੱਤਾ, ਸਾਡੀ ਵੀ ਲਾਜ ਉਹੀ ਰੱਖੇਗਾ ਜੀ, ਹੋਰ ਅਸਾਂ ਗਰੀਬਾਂ ਕੋਲ ਆਪਣੇ ਪਾਸ ਕੀ ਸੀ ਤੇ ਕੀ ਹੈ?

ਮੈਂ ਕਿਹਾ ਭਾਈ ਸਾਹਿਬ ਤੁਹਾਨੂੰ ਗੁਰਬਾਣੀ ਅਤੇ ਭਾਈ ਗੁਰਦਾਸ ਜੀ ਦੀ ਬਾਣੀ ਬਹੁਤ ਕੰਠ ਹੈ। ਮਨ ਖਿੜ ਗਿਆ। ਕਹਿਣ ਲੱਗੇ 'ਜੀ ਹੱਲਿਆਂ ਵੇਲੇ ਸਤਾਰਾਂ ਸਾਲਾਂ ਦਾ ਸਾਂ। ਭਾਈ ਚਾਂਦ ਮੇਰੇ ਚਾਚਾਜਾਨ ਸਨ। ਉਦੋਂ ਉਨ੍ਹਾਂ ਦੇ ਚਰਨਾਂ ਵਿਚ ਬੈਠ ਕੇ ਜਦੋਂ ਗਾਇਆ ਕਰਦਾ ਸਾਂ ਉਦੋਂ ਬੜੀ ਬਾਣੀ ਕੰਠ ਸੀ। ਮੁੜ ਕੇ ਸਿੱਖ ਇਧਰ ਆ ਗਏ, ਅਸੀਂ ਉਧਰ ਚਲੇ ਗਏ, ਸੁਣਨ ਵਾਲਾ ਈ ਨਾ ਰਿਹਾ ਕੋਈ ਤਾਂ ਗਾਉਣ ਵਾਲਾ ਕੀ ਕਰੇਗਾ। ਕੋਈ ਸੱਠਾਂ ਸਾਲਾਂ ਬਾਅਦ ਇਉਂ ਗਾਉਣ ਦਾ ਮੌਕਾ ਮਿਲਿਆ

ਹੈ। ਜੀ ਸੱਠਾਂ ਸਾਲਾਂ ਵਿਚ ਤਾਂ ਬੰਦਾ ਰਿਸ਼ਤੇਦਾਰਾਂ ਨੂੰ ਭੁੱਲ ਜਾਂਦਾ ਹੈ। ਬਾਣੀ ਕਿਵੇਂ ਯਾਦ ਰਹਿੰਦੀ ਸਾਨੂੰ। ਥੋੜ੍ਹੀ ਯਾਦ ਹੈ ਹੁਣ ਤਾਂ।'

ਕੀਰਤਨ ਕਰਦਿਆਂ ਕਿਹਾ ਚਾਚਾਜਾਨ ਦੀਆਂ ਬੰਦਸ਼ਾਂ ਸੁਣਾਉਂਦਾ ਫਿਰਦਾ ਹਾਂ ਜੀ ਤੁਹਾਨੂੰ। ਮੇਰੇ ਕੋਲ ਆਪਣਾ ਤਾਂ ਕੁਝ ਹੈ ਨਹੀਂ। ਵੱਡਿਆਂ ਦੀਆਂ ਕਮਾਈਆਂ ਹਨ। ਉਹ ਕੀਰਤਨ ਵਿਚ ਦੱਸਦੇ ਹੁੰਦੇ ਸਨ ਕਿ ਦਰੋਪਤੀ ਨੂੰ ਜਦੋਂ ਕੌਰਵਾਂ ਨੇ ਨੰਗੀ ਕਰਨ ਦਾ ਹੁਕਮ ਦਿੱਤਾ, ਪੰਜੇ ਪਾਂਡੋ ਨੀਵੀਂ ਪਾਈ ਖਾਮੋਸ਼ ਬੈਠੇ ਰਹੇ। ਇਹ ਪੰਜ ਵਿਕਾਰ ਹਨ ਨਾ ਜਿਹੜੇ ਕਾਮ, ਕਰੋਧ, ਮੋਹ, ਲੋਭ, ਹੰਕਾਰ ਇਹੋ ਪਾਂਡਵ ਹਨ। ਜੋ ਪੰਜੇ ਭਰਾ ਇਨ੍ਹਾਂ ਤੋਂ ਮੁਕਤ ਹੁੰਦੇ ਤਾਂ ਆਹ ਮਹਾਂਭਾਰਤ ਵਾਲਾ ਦੁਖ ਨਾ ਵਾਪਰਦਾ।

ਗੁਰਬਖਸ਼ ਨੇ ਮੈਨੂੰ ਕਿਹਾ ਕੀਰਤਨ ਸੁਣਦਿਆਂ ਮੈਂ ਇਹੋ ਸੋਚਦਾ ਰਿਹਾ, ਜੇ ਭਾਈ ਗੁਲਾਮ ਮੁਹੰਮਦ ਚਾਂਦ ਇਸ ਤਰ੍ਹਾਂ ਦਾ ਆਕਾਸ਼ ਹੈ ਤਾਂ ਭਾਈ ਮਰਦਾਨਾ ਜੀ ਕਿੰਨੇ ਲੱਖ ਅਕਾਸ਼ਾਂ ਪਤਾਲਾਂ ਦੇ ਮਾਲਕ ਹੋਣਗੇ। ਹੁਣ ਤੱਕ ਅਸੀਂ ਗਿਣਤੀਆਂ ਕਰਦੇ ਆਏ ਹਾਂ, ਦੇਸ਼ ਵੰਡ ਹੋਣ ਸਦਕਾ ਕਿੰਨੀਆਂ ਜਾਨਾਂ ਗਈਆਂ ਅਤੇ ਕਿੰਨੀਆਂ ਜਾਇਦਾਦਾਂ ਗਈਆਂ। ਅੱਜ ਮੈਨੂੰ ਪਤਾ ਲੱਗਾ ਹੈ ਕਿ ਘਾਟਾ ਜਾਨ-ਮਾਲ ਦਾ ਨਹੀਂ ਹੋਇਆ ਕਰਦਾ। ਹੋਰ ਜੰਮ ਪਏ, ਹੋਰ ਜ਼ਮੀਨਾਂ ਮੱਲ ਲਈਆਂ। ਅਸਲ ਘਾਟਾ ਇਹ ਹੈ ਕਿ ਜਿਹੜਾ ਅੱਜ ਵਾਲੇ ਕੀਰਤਨੀਆਂ ਤੋਂ ਵੰਚਿਤ ਹੋ ਗਏ ਹਾਂ। ਇਹ ਘਾਟਾ ਪੂਰਾ ਨਹੀਂ ਹੋਵੇਗਾ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਸ਼ਤਾਬਦੀ ਸਮਾਰੋਹ ਵਕਤ ਸੋਨੇ ਦੀ ਪਲੇਟ ਉਪਰ ਭਾਈ ਮਰਦਾਨਾ ਜੀ ਦਾ ਚਿੱਤਰ ਉਕਰ ਕੇ ਦਰਬਾਰ ਸਾਹਿਬ ਵਿਚ ਜੜਿਆ ਹੈ। ਉਸੇ ਸ਼੍ਰੋਮਣੀ ਕਮੇਟੀ ਨੇ ਭਾਈ ਮਰਦਾਨਾ ਦੀ ਸੰਤਾਨ ਨੂੰ ਦਰਬਾਰ ਸਾਹਿਬ ਦੇ ਚੌਗਿਰਦੇ ਵਿਚ ਕੀਰਤਨ ਨਹੀਂ ਕਰਨ ਦਿੱਤਾ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨਾ ਨੂੰ ਚੁਣਿਆ, ਸਿੱਖ ਭਾਈ ਮਰਦਾਨਾ ਦੀ ਤਸਵੀਰ ਲਾਉਣਗੇ ਉਨ੍ਹਾਂ ਦੀ ਔਲਾਦ ਨੂੰ ਕੀਰਤਨ ਕਰਨ ਦੀ ਆਗਿਆ ਨਹੀਂ ਦੇਣਗੇ। ਗੁਰੂ ਮਹਾਰਾਜ ਨੇ ਬਾਬਾ ਫਰੀਦ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤੀ, ਉਨ੍ਹਾਂ ਦੀ ਬਾਣੀ ਦਾ ਕੀਰਤਨ ਦਰਬਾਰ ਸਾਹਿਬ ਵਿਚ ਹੋਵੇਗਾ, ਮੁਸਲਮਾਨ ਨੂੰ ਕੀਰਤਨ ਦੀ ਆਗਿਆ ਨਹੀਂ ਦਿੱਤੀ ਜਾਵੇਗੀ। ਗੁਰੂ ਜੀ ਨੇ ਹਜ਼ਰਤ ਮੀਆਂ ਮੀਰ ਅੱਗੇ ਬੇਨਤੀ ਕਰਕੇ ਉਨ੍ਹਾਂ ਪਾਸੋਂ ਦਰਬਾਰ ਸਾਹਿਬ ਦੀ ਨੀਂਹ ਰਖਵਾਈ। ਸਿੱਖ ਉਨ੍ਹਾਂ ਦੇ ਵਾਰਸਾਂ ਨੂੰ ਕੀਰਤਨ ਨਹੀਂ ਕਰਨ ਦੇਣਗੇ।

ਸ਼੍ਰੋਮਣੀ ਕਮੇਟੀ ਨੇ ਕਾਨੂੰਨ ਪਾਸ ਕਰ ਰੱਖਿਆ ਹੈ ਕਿ ਦਰਬਾਰ ਸਾਹਿਬ ਅਤੇ ਤਖ਼ਤਾਂ ਉਪਰ ਕੇਵਲ ਅੰਮ੍ਰਿਤਧਾਰੀ ਸਿੰਘ ਕੀਰਤਨ ਕਰਨਗੇ। ਗੁਰੂ ਕੇ ਲਾਲ ਜਿਹੋ ਜਿਹਾ ਬੇਸੁਰਾ ਗਾ ਰਹੇ ਹਨ ਉਸ ਤੋਂ ਦਿਸਦਾ ਹੈ ਗੁਰੂ ਮਹਾਰਾਜ ਦਾ ਸਾਜਿਆ ਗੌਰਵਮਈ ਖਾਲਸਾ ਪੰਥ ਸਰਾਪਿਆ ਗਿਆ ਹੈ। ਇਸ ਸਰਾਪ ਤੋਂ ਕਿਵੇਂ ਅਤੇ ਕਦੋਂ ਮੁਕਤੀ ਹੋਵੇਗੀ? ਇਹ ਕੌਮ ਜਿਹੜੀ ਕਦੀ ਤੰਦਰੁਸਤ, ਜਿਉਂਦੀ ਜਾਗਦੀ ਹੁੰਦੀ ਸੀ, ਬਿਮਾਰ ਹੋ ਗਈ ਹੈ।

ਗੁਰਨਾਮ ਸਿੰਘ ਨੇ ਕਿਹਾ ਜਦੋਂ ਰਬਾਬੀ ਭਾਈ ਸੱਤਾ ਤੇ ਬਲਵੰਡ ਰੁੱਸ ਗਏ ਸਨ ਤਾਂ ਗੁਰੂ ਜੀ ਨੇ ਸੰਗਤਾਂ ਨੂੰ ਕਿਹਾ ਸੀ ਖੁਦ ਕੀਰਤਨ ਕਰੋ। ਜਿਹੋ ਜਿਹਾ ਆਉਂਦਾ ਹੈ ਗਾਉ। ਜਿਹੋ ਜਿਹਾ ਕਰ ਹੁੰਦਾ, ਸੰਗਤ ਕੀਰਤਨ ਕਰ ਲੈਂਦੀ। ਰਬਾਬੀ ਸਿੰਘ ਹੁਣ ਰੁੱਸੇ ਹੋਏ ਨਹੀਂ। ਉਹ ਗਾਉਣਾ ਚਾਹੁੰਦੇ ਹਨ। ਖੁਦ ਬੇਸੁਰਾ ਗਾਉਣ ਦੀ ਥਾਂ ਉਨ੍ਹਾਂ ਨੂੰ ਸੁਣੀਏ ਤਾਂ ਕਿਵੇਂ? ਬੀਬੀ ਜਗੀਰ ਕੌਰ ਅਤੇ ਬਾਦਲ ਸਾਹਿਬ ਮੁਕੱਦਮਿਆਂ ਵਿਚ ਉਲਝੇ ਹੋਣ ਕਾਰਨ ਸੂਖਮ ਰਮਜ਼ਾਂ ਵੱਲ ਧਿਆਨ ਦੇਣ ਦੇ ਸਮਰੱਥ ਨਹੀਂ ਰਹੇ। ਸੰਗਤ ਕੁਝ ਕਰੇ। ਪੰਡਤ ਜਸਰਾਜ ਅਤੇ ਪੰਡਤ ਜੋਸ਼ੀ ਜਿਹੇ ਗਾਇਕਾਂ ਤੋਂ ਹੁਣ ਤੱਕ ਫਾਇਦਾ ਨਹੀਂ ਲਿਆ ਗਿਆ। ਉਹ ਸ਼੍ਰੋਮਣੀ ਕਲਾਕਾਰ ਹਨ। ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਸ਼੍ਰੋਮਣੀ ਹੋ ਜਾਏ ਤਾਂ ਕੀ ਹਰਜ?

# ਸਿਧ ਛਪਿ ਬੈਠੇ ਪਰਬਤੀ, ਕਉਣ ਜਗਤ੍ਰਿ ਕਉ ਪਾਰ ਉਤਾਰਾ

ਅਨੂਪ ਸਿੰਘ : WZ 458 ਏ, ਗਲੀ ਨੰ 24, ਸ਼ਿਵ ਨਗਰ, ਨਵੀਂ ਦਿੱਲੀ

ਇਤਿਹਾਸ ਵਿਚ ਲਿਖਿਆ ਹੈ ਜੋ ਤਕਰੀਬਨ 712 ਤੋਂ 1469 ਤੱਕ ਹਿੰਦੁਸਤਾਨ ਤੇ ਵਿਦੇਸ਼ੀ ਹਮਲੇ ਹੁੰਦੇ ਰਹੇ ਉਨ੍ਹਾਂ ਹਮਲਿਆਂ ਦੌਰਾਨ ਹਿੰਦੁਸਤਾਨ ਦੀ ਪਤ ਲੁਟੀ ਗਈ ਬੜਾ ਹੀ ਦੁਖਦਾਈ, ਦੁਰਦਸ਼ਾ ਦਾ ਵਰਤਾਰਾ ਹੋ ਰਿਹਾ ਸੀ। ਜਨਤਾ ਪਿਸ ਰਹੀ ਸੀ ਸਭ ਪਾਸੇ ਹਾਹਾਕਾਰ ਮਚੀ ਹੋਈ ਸੀ। ਜਦੋਂ ਹਿੰਦ ਦੀ ਇਸ ਹੋ ਰਹੀ ਨਾਮੋਸ਼ੀ ਦੀ ਹਾਲਤ ਤੇ ਤਰਸ ਆਇਆ ਤਾਂ ਰਬ ਨੇ ਗੁਰੂ ਨਾਨਕ ਸਾਹਿਬ ਦਾ ਰੂਪ ਹੋ ਅਵਤਾਰ ਧਾਰਿਆ। ਭਾਈ ਗੁਰਦਾਸ ਜੀ ਲਿਖਦੇ ਹਨ:

*ਵਰਤਿਆ ਪਾਪੁ ਜਗਤ੍ਰ ਤੇ ਧਉਲ*
*ਉਡੀਣਾ ਨਿਸ ਦਿਨ ਹੋਆ॥*

ਤਾਂ ਸੁਣੀ ਪੁਕਾਰ ਦਾਤਾਰ ਪ੍ਰਭ ਗੁਰੂ ਨਾਨਕ ਜਗੁ ਮਾਹਿ ਪਠਾਇਆ ਭਾਈ ਗੁਰਦਾਸ ਜੀ ਲਿਖਦੇ ਹਨ:-

*ਬਾਬਾ ਪੈਧਾ ਸਚ-ਖੰਡਿ*
*ਨਉ ਨਿਧਿ ਨਾਮੁ ਗਰੀਬੀ ਪਾਈ॥*
*ਬਾਬਾ ਦੇਖੇ ਧਿਆਨ ਧਰਿ ਜਲਤੀ*
*ਸਭਿ ਪ੍ਰਿਥਵੀ ਦਿਸਿ ਆਈ॥*

ਗੁਰੂ ਜੀ ਨੇ ਅਕਾਲ ਪੁਰਖ ਦੇ ਹੁਕਮ ਅਨੁਸਾਰ ਕਲਜੁਗ ਵਿਚ ਅਵਤਾਰ ਧਾਰਿਆ ਤੇ ਫਿਰ

ਬਾਬੇ ਭੇਖ ਬਣਾਇਆ ਉਦਾਸੀ ਦੀ ਰੀਤਿ ਚਲਾਈ।

ਗੁਰੂ ਨਾਨਕ ਦੇਵ ਜੀ ਨੇ ਸੰਸਾਰ ਦੀ ਪੀੜਾ ਮਹਿਸੂਸ ਕਰਦਿਆਂ ਸਚਖੰਡ ਅਕਾਲ ਪੁਰਖ ਦੇ ਹੁਕਮ ਅਨੁਸਾਰ ਜਦੋਂ ਵੇਈ ਨਦੀ ਤੋਂ ਤਿੰਨ ਦਿਨ ਬਾਅਦ ਪ੍ਰਗਟ ਹੋ ਅਕਾਲ ਪੁਰਖ ਦਾ ਸੰਦੇਸ਼ "ਨਾ ਕਉ ਹਿੰਦੂ ਨਾ ਮੁਸਲਮਾਨ" ਅਰਥਾਤ ਸਭ ਮਨੁੱਖ ਜਾਤੀ ਇਕ ਅਕਾਲ ਦੀ ਔਲਾਦ ਸਭ ਬਰਾਬਰ ਹਨ ਉਦੋਂ ਤੋਂ ਹੀ ਆਪ ਨੇ ਆਪਣੇ ਦੋ ਸਾਹਿਬਜਾਦੇ ਆਪਣੀ ਧਰਮ ਸੁਪਤਨੀ ਨੂੰ ਆਪਣੀ ਭੈਣ ਨਾਨਕੀ ਜੀ ਦੀ ਦੇਖਭਾਲ ਵਿਚ ਛੱਡ ਦੁਨੀਆਂ ਦੇ ਦੁਖ ਨੂੰ ਦੂਰ ਕਰਨ ਹਿੱਤ ਤੇ ਇਕ ਅਕਾਲ ਪੁਰਖ ਦਾ ਸੰਦੇਸ਼ ਵੰਡਣ ਲਈ ਚਾਰ ਉਦਾਸੀਆਂ ਵਿਚ ਸਾਰੀ ਸ੍ਰਿਸ਼ਟੀ ਦੇ ਕੋਨੇ-ਕੋਨੇ ਵਿਚ ਚੱਲ ਕੇ ਗਏ। ਉਸ ਅਕਾਲ ਪੁਰਖ ਦੇ ਨਿਰਮਲ ਪੰਥ, ਨਿਰਮਲ ਵਿਚਾਰਧਾਰਾ ਨੂੰ ਸਾਰੇ ਸੰਸਾਰ ਵਿਚ ਵੰਡੇਆ ਇਕ ਅਕਾਲ ਪੁਰਖ ਨਾਲ ਜੋੜਿਆ।

ਗੁਰੂ ਜੀ ਹਿਮਾਲਾ ਪਰਬਤ (ਸੁਮੇਰ ਪਰਬਤ) ਵਿਖੇ ਸਿਧਾਂ ਨੂੰ ਮਿਲੇ। ਭਾਈ ਗੁਰਦਾਸ ਜੀ ਸਿਧਾਂ ਨਾਲ ਹੋਈ ਮੁਲਾਕਾਤ ਬਾਰੇ ਵਰਣਨ ਕਰਦੇ ਹਨ:-

*ਫਿਰਿ ਪੁਛਣਿ ਸਿਧ ਨਾਨਕਾ*
*ਮਾਤਲੋਕ ਵਿਚ ਕਿਆ ਵਰਤਾਰਾ॥*
*ਸਭ ਸਿਧੀ ਇਹ ਬੁਝਿਆ*
*ਕਲਿ ਤਾਰਣਿ ਨਾਨਕ ਅਵਤਾਰਾ॥*
*ਬਾਬੇ ਆਖਿਆ ਨਾਥ ਜੀ*
*ਸਚੁ ਚੰਦ੍ਰਮਾ ਕੂੜੁ ਅਧਾਰਾ॥*
*ਕੂੜ ਅਮਾਵਸਿ ਵਰਤਿਆ*
*ਹਉ ਭਾਲਣਿ ਚੜਿਆ ਸੰਸਾਰਾ॥*
*ਪਾਪ ਗਿਰਾਸੀ ਪ੍ਰਿਥਮੀ*
*ਧਉਲੁ ਖੜਾ ਧਰਿ ਹੇਠ ਪੁਕਾਰਾ॥*
*ਸਿਧ ਛਪਿ ਬੈਠੇ ਪਰਬਤੀ*
*ਕਉਣੁ ਜਗਤ੍ਰਿ ਕਉ ਪਾਰਿ ਉਤਾਰਾ॥*
*ਜੋਗੀ ਗਿਆਨ ਵਿਹੂਣਿਆ*
*ਨਿਸਦਿਨ ਅੰਗਿ ਲਗਾ ਇਨ ਛਾਰਾ॥*
*ਬਾਝੁ ਗੁਰੂ ਡੁਬਾ ਜਗ ਸਾਰਾ॥*

ਸੋ ਗੁਰੂ ਜੀ ਨੇ ਸਿਧਾਂ ਨੂੰ ਆਪਣੇ ਕਰਤੱਵ ਨਾ ਪਾਲਣ ਕਰਕੇ ਦੋਸ਼ੀ ਠਹਿਰਾਇਆ ਤੇ ਕਿਹਾ ਇਹ ਸੰਸਾਰ ਦਾ ਪਾਰ ਉਤਾਰਾ ਉਨ੍ਹਾਂ ਦੁਖੀਆਂ ਦੇ ਦਰਦ ਤੁਸਾਂ ਦੂਰ ਕਰਨੇ ਸਨ ਪਰ ਤੁਸੀਂ ਆਪਣੇ ਸਵਾਰਥ, ਆਪਦੇ ਨਿਜੀ ਸੰਮਾਨ ਤੇ ਨਿਜੀ ਫਾਇਦੇ ਨੂੰ ਮੁੱਖ ਰੱਖਦਿਆਂ ਪਹਾੜਾਂ ਤੇ ਡੇਰੇ ਲਾ ਲਏ ਹਨ। ਤੁਸਾਂ ਆਪਣੇ ਗਿਆਨ ਰਹੀਂ ਸੰਸਾਰ ਨੂੰ ਸੁੱਖ ਪਹੁੰਚਾਣ ਦਾ ਕੰਮ ਕਰਨਾ ਸੀ।

ਸੋ ਅੱਜ ਕੀ ਵਰਤਾਰਾ ਹੋ ਰਿਹਾ ਹੈ ਜਿਸ ਗੁਰੂ ਨਾਨਕ ਦੀ ਉਮਤ ਨੇ ਗੁਰੂ ਸਾਹਿਬ ਦੇ ਉਪਦੇਸ਼ ਰਾਹੀਂ ਸੰਸਾਰ ਵਿਚ ਸ਼ਾਂਤੀ ਸਥਾਪਤ ਕਰਨੀ ਹੈ ਉਹ ਗੁਰੂ ਦੇ ਪੈਰੋਕਾਰ ਹੀ ਆਪਸ ਵਿਚ ਲੜ ਰਹੇ ਹਨ। ਆਪਣੀਆਂ ਵੱਡੀਆਂ-ਵੱਡੀਆਂ ਜੱਥੇਬੰਦੀਆਂ ਕਈ ਸੰਤ ਸਮਾਜ ਤੇ ਹੋਰ ਗਠਬੰਧਨ ਬਣ ਗਏ ਹਨ ਆਪਸੀ ਵੈਰ ਵਿਰੋਧ ਮਚ ਰਿਹਾ ਹੈ। ਅੱਜ ਸਿੱਖੀ ਪਤਤ ਹੋ ਰਹੀ ਹੈ ਸ਼ਰਾਬਾਂ, ਕਈ ਪ੍ਰਕਾਰ ਦੇ ਨਸ਼ੇ ਸਾਰਾ ਪੰਜਾਬ ਸਿੱਖੀ ਵਿਚਾਰਧਾਰਾ ਨੂੰ ਤਿਲਾਂਜਲੀ

ਦੇ ਰਿਹਾ ਹੈ ਕੋਈ ਸੁਣਵਾਈ ਨਹੀਂ। ਅੱਜ ਅਸੀਂ ਬੰਗਲਾ ਸਾਹਿਬ ਦੇ ਜੋੜਾ ਘਰ ਦਾ ਨਜਾਰਾ ਜਿੱਥੇ ਸੇਵਾ ਹੋ ਰਹੀ ਹੈ ਵੇਖ ਬੜੇ ਮਸਤੀ ਵਿਚ ਬਹੁਤ ਉੱਚ ਕੋਟੀ ਦੀ ਗੱਲਾਂ ਕਰ ਰਹੇ ਹਾਂ ਪਰ ਦੇਖੋ ਪੰਜਾਬ ਦੇ ਗੁਰਦੁਆਰੇ ਜਿੱਥੇ ਸਿੱਖੀ ਨੂੰ ਵੱਡੀ ਢਾਹ ਲੱਗ ਰਹੀ ਹੈ। ਗੁਰਦੁਆਰੇ ਖਾਲੀ ਪਏ ਹਨ ਕੋਈ ਪਗੜੀ ਵਾਲਾ ਨਜ਼ਰ ਨਹੀਂ ਆਉਂਦਾ। ਉਥੋਂ ਦੇ ਜੋੜਾਂ ਘਰ ਦੀਆਂ ਖਾਲੀ ਚਾਰ ਦੀਵਾਰਾਂ ਰੋ-ਰੋ ਕੇ ਪੁਕਾਰ ਰਹੀਆਂ ਹਨ।

ਅੱਜ ਜੇਕਰ ਇਹ ਕਹਿ ਦਿੱਤਾ ਜਾਵੇ ਕਿ ਸਾਰਾ ਪੰਜਾਬ ਪਿੰਗਲਵਾੜਾ ਬਣ ਰਿਹਾ ਹੈ ਇਸ ਵਿਚ ਕੋਈ ਅਤਿਕਥਨੀ ਨਹੀਂ। ਜਿੱਥੇ ਸਿੱਖੀ ਪਤਤ ਹੋ ਰਹੀ ਹੈ ਸ਼ਰਾਬਾਂ ਤੇ ਹੋਰ ਸਰੀਰਕ ਮਾਨਸਿਕ ਮਾਰੂ ਨਸ਼ੇ। ਜਦ ਸਰੀਰ ਹੀ ਨਾ ਰਿਹਾ ਮਨੋ ਵੀ ਵੱਡੀ ਢਾਹ ਲੱਗ ਰਹੀ। ਸਰੀਰ ਵੀ ਬਿਮਾਰ ਤੇ ਵੱਡਾ ਸੰਤਾਪ ਮਨ ਵੀ ਰੋਗੀ। ਕਾਰੋਬਾਰ ਨਾ ਹੋਣ ਕਾਰਨ ਦੁਖੀ, ਕੰਮਕਾਰ ਨਾ ਰਿਹਾ, ਮਾਂ-ਬਾਪ, ਭੈਣ-ਭਰਾ, ਸਭ ਮਾਰੇ ਗਏ ਘਰ-ਘਰ ਵਿਰਲਾਪ ਹੋ ਰਿਹਾ ਹੈ। ਜਮੀਨ ਨਾ ਰਹੀ, ਪਾਣੀ ਨਾ ਰਿਹਾ ਤੇ ਫਿਰ ਮਾਰੂ ਹਮਲੇ। ਅਨੇਕਾਂ ਘਰਾਂ ਵਿਚ ਮੌਤ ਫੂਹੜੀ ਪਈ ਹੋਵੇ, ਮਾਂ-ਬਾਪ ਖੁਦ ਨੂੰ ਰੋ ਰਹੇ ਹਨ, ਪਤਨੀ ਪਤੀ ਨੂੰ ਰੋ ਰਹੀ ਹੈ, ਬੱਚਾ ਪਿਉ ਨੂੰ ਰੋ ਰਿਹਾ ਹੈ ਸਭ ਪਾਸੇ ਮਾਤਮ ਛਾ ਰਿਹਾ ਹੈ। ਇਸ ਤੋਂ ਵੱਡਾ ਕਿਹੜਾ ਪਿੰਗਲਵਾੜਾ ਹੋ ਸਕਦਾ ਹੈ ਆਪਣੀ ਪੀੜਾ ਭੁਲ ਜਾਂਦੀ ਹੈ ਜਦ ਇਹੋ ਜਿਹੇ ਕਤਲੇਆਮ ਨਸਲਖੁਸ਼ੀ, ਮਾਂ ਬਾਪ ਦਾ ਦੁਖ ਪੁੱਤਰ ਬਗੈਰ, ਪਤਨੀ ਦਾ ਦੁਖ ਪਤੀ ਲਈ, ਬੱਚਿਆਂ ਭਰਾਵਾਂ ਦਾ ਸੰਤਾਪ ਪਿਉ ਭਰਾ ਲਈ ਕੋਈ ਘਰ ਬਚਿਆ ਹੈ ਜਿੱਥੇ ਇਹ ਇਸ ਡਾਇਨ ਨੇ ਮਾਰੂ ਹਮਲਾ ਨਹੀਂ ਕੀਤਾ। ਇਤਨਾ ਵੱਡਾ ਸੰਤਾਪ ਝੱਲਣਾ ਪੈ ਰਿਹਾ ਹੈ। ਉਹ ਨਸ਼ੇ ਕਰਕੇ ਆਪਣੇ ਆਪ ਨੂੰ ਮਾਰਣਗੇ ਨਹੀਂ ਤਾਂ ਹੋਰ ਕੀ ਕਰਨਗੇ ਉਹ ਤਾਂ ਇਸ ਲਈ ਮਰ ਰਹੇ ਹਨ, ***"ਜੈ ਜੀਵੈ ਪਤ ਲਥੀ ਜਾਇ ਸਭੁ ਹਰਾਮੁ ਜੇਤਾ ਕਿਛੁ ਖਾਇ॥"*** ਅਜਿਹੇ ਜੀਵਨ ਨਾਲੋਂ ਤਾਂ ਮੌਤ ਹੀ ਚੰਗੀ।

ਉਹ ਵਡਿਓ ਅਜੇ ਵੀ ਸੰਭਲੋ ਕੁਝ ਕਰ ਲਵੋ, ਡੁਬਦੀ ਜਾਂਦੀ ਬੇੜੀ ਨੂੰ ਬਚਾ ਲਵੋ "ਹੋ ਅਜੇ ਸੰਭਾਲ ਇਸ ਸਮੇਂ ਨੂੰ ਕਰ ਸਫਲ ਉੱਡਦਾ ਜਾਂਦਾ ਲੰਘ ਗਿਆ ਨਾ ਮੁੜ ਕੇ ਆਉਂਦਾ"। ਫਿਰ ਇਹੋ ਹੀ ਹੋਣਾ ਹੈ ਅਬ ਪਛਤਾਏ ਕਿਆ ਹੋਤ ਹੈ ਜਬ ਚੀੜੀਆ ਚੁਗ ਗਈ ਖੇਤ। ਕਿਤੇ ਇਹੋ ਜਿਹੀ ਸਥਿਤੀ ਨਾ ਬਣ ਜਾਵੇ ਜਦੋਂ ਸਭ ਕੁਝ ਹਾਰ ਗਏ।

ਅਜੇ ਵੀ ਸਾਡੇ ਵਿਚ ਵੱਡੇ-ਵੱਡੇ ਗੁਰੂ ਵਾਲੇ ਪਹਿਰੇਦਾਰ ਪੀੜਾ ਵਾਲੇ ਹੈਣ ਜੋ ਦੁਖੀ ਹੋ ਰਹੇ ਹਨ ਤਰਲੋ ਮੱਛੀ ਹੋ ਰਹੇ ਹਨ ਪਰ ਕੁਝ ਕਰ ਪਾ ਨਹੀ ਰਹੇ। ਕੋਈ ਤਾਂ ਨਿਤਰੇ ਮਰਦੇ ਮੈਦਾਨ, ਹੰਭਲਾ ਮਾਰਨ ਦੀ ਦੇਰ ਹੈ ਸਭ ਦੇਖੋ ਦੇਖੀ ਆ ਜਾਣਗੇ ਕੋਈ ਤਾਂ ਅੱਗੇ ਆਉ। ਕਿ ਇਹ ਸਿਰ ਤਲੀ ਤੇ ਰੱਖਣਾ ਵੀ ਵੱਡੀ ਵੰਗਾਰ ਹੈ? ਇਤ ਮਾਰਗ ਪੈਰ ਧਰੀਜੈ ਸਿਰੁ ਦੀਜੈ ਕਾਣ ਨਾ ਕੀਜੈ। ਕੋਈ ਕਹਾਵਤ ਤਾਂ ਨਹੀਂ ਸੀ, ਮਾਰਾਂ ਖਾਧੀਆਂ, ਸ਼ਹੀਦੀਆਂ ਦਿੱਤੀਆਂ ਸਨ ਫਿਰ ਢਿੱਲ ਕਾਹਦੀ। ਉਹ ਸ਼ਕਤੀ ਹਲੇ ਮਰ ਨਹੀਂ ਗਈ। ਆਉ ਹੰਭਲਾ ਮਾਰੀਏ ਇਨ੍ਹਾਂ ਸ਼ਤਾਬਦੀਆਂ ਲਈ ਰਾਹ ਪੱਧਰਾ ਕਰ ਜਾਈਏ ਤਾਂ ਜੋ ਆਉਣ ਵਾਲੀ ਪੀੜੀ ਆਉਣ ਵਾਲੀਆਂ ਸ਼ਤਾਬਦੀਆਂ ਤੱਕ ਆਪਣਾ ਸਿਰ ਉੱਚਾ ਕਰਕੇ ਚੱਲ ਸਕਣਾ। ਅੱਜ ਲੋੜ ਹੈ ਵੱਡੇ-ਵੱਡੇ ਪ੍ਰਚਾਰਕ, ਸਾਰੇ ਵੱਡੇ-ਵੱਡੇ ਕੀਰਤਨੀ ਜੱਥੇ ਸਾਰੇ ਪੰਜਾਬ ਵਿਚ ਫੈਲ ਜਾਣ। ਪਿੰਡ ਪਿੰਡ ਦੀਆਂ ਗਲੀਆਂ ਮੁਹੱਲਿਆਂ ਵਿਚ ਪਤਤ ਹੋ ਰਹੇ ਸਿੱਖਾਂ ਨੂੰ ਮਿਲਣ ਉਨ੍ਹਾਂ ਨੂੰ ਹੌਸਲਾ ਵਧਾਉਣ ਤੇ ਪਿਆਰ ਦੇਣ। ਕੀ ਅਸੀ ਪੰਜਾਬ ਦੀ ਸਰਜਮੀਨ ਜਿੱਥੇ ਚੱਪੇ ਚੱਪੇ ਗੁਰੂ ਘਰ ਹਨ ਉਨ੍ਹਾਂ ਦੀ ਅਸੀ ਸੰਭਾਲ ਨਹੀਂ ਕਰ ਸਕਦੇ। ਕਿਤੇ ਇਹ ਨਾ ਹੋ ਜਾਵੇ-

*ਸਿਧ ਛਪਿ ਬੈਠੇ ਪਰਬਤੀ*
*ਕਉਣ ਜਗਤ੍ਰਿ ਕਉ ਪਾਰ ਉਤਾਰਾ॥*

ਇਹ ਵੱਡੇ ਵੱਡੇ ਕੀਰਤਨੀ ਜਥੇ, ਵੱਡੇ ਵੱਡੇ ਪ੍ਰਚਾਰਕ ਕਿ ਤੁਸੀਂ ਵੀ ਹਉਮੈ ਹੰਕਾਰ ਵਸ ਗਰੀਬ ਸਿੱਖਾਂ ਦੀ ਬਾਂਹ ਫੜਣ ਤੋਂ ਮੁਨਕਰ ਹੋ ਉਹ ਵਰਤਾਰਾ ਜੋ ਸਿਧਾਂ ਨੇ ਕੀਤਾ ਸੀ, ਉਹ ਨਾ ਹੋ ਜਾਵੇ। ਗੁਰੂ ਨਾਨਕ ਦੇ ਘਰ ਗਰੀਬਾਂ ਨਿਥਾਵਿਆਂ ਦੀ ਸੰਭਾਲ ਹੁੰਦੀ ਹੈ ਜਿੱਥੇ ਨੀਚ ਸੰਭਾਲੀਅਨ ਉਥੇ ਨਦਰ ਤੇਰੀ ਬਖਸ਼ੀਸ਼। ਇਥੇ ਤਾਂ ਗੁਰੂ ਸਿੱਖ ਹਨ:-

*ਸੇਵ ਕਰੀ ਇਨ ਹੀ ਭਾਵਤ*
*ਅਉਰ ਕੀ ਸੇਵ ਸਹਾਤ ਨ ਜੀ ਕੋ॥*
*ਦਾਨ ਦੀਉ ਇਨ ਹੀ ਕੋ ਭਲੋ*
*ਅਰ ਆਨ ਕਉ ਦਾਨ ਨ ਲਾਗਤ ਨੀਕੋ॥*

ਸੋ ਆਉ ਸਿਧ ਨਾ ਬਣੀਏ ਸਿੱਖ ਬਣੀਏ, ਸਿੱਖੀ ਵਿਚ ਸੇਵਾ ਦਾ ਬਹੁਤ ਉੱਚਾ ਸਥਾਨ ਹੈ ਆਉ ਸੇਵਾ ਕਰ ਲਈਏ ਗੁਰੂ ਵਾਲੇ ਬਣੀਏ।

ਸੋ ਇਤਿਹਾਸ ਗਵਾਹ ਹੈ ਕਿ ਪੁਰਾਤਨ ਸਿੱਖਾਂ ਨੇ ਵੱਡੇ ਵੱਡੇ ਘਲੂਘਾਰਿਆਂ ਵਿਚ ਵੀ ਸਿੱਖੀ ਪਰੰਪਰਾ ਤੇ ਪਹਿਰਾ ਦਿੱਤਾ, ਸ਼ਹੀਦੀਆਂ ਦਿੱਤੀਆਂ ਤੇ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਜੀ ਦੀ ਘਾਲਣਾ ਨੂੰ ਸਿਰ ਮੱਥੇ ਤੇ ਮਨ ਇਕ

ਮਾਣਯੋਗ ਉਚਾ ਤੇ ਸੁਚਾ ਇਤਿਹਾਸ ਸਿਜ ਦਿੱਤਾ। ਜਿਸ ਤੇ ਸਿੱਖੀ ਨੂੰ ਮਾਣ ਹੈ। ਸੋ ਆਉ ਅੱਜ ਸਿਰਫ ਸਿੱਧ ਨਹੀਂ ਸਿੱਖ ਬਣਨ ਦੀ ਜ਼ਰੂਰਤ ਹੈ। ਕੋਈ ਅਉਖੀ ਸਿਰ ਦੀ ਬਾਜ਼ੀ ਧੜ ਲਗਾਉਣ ਦੀ ਜ਼ਰੂਰਤ ਨਹੀਂ। ਉਪਕਾਰ ਹੀ ਕਰ ਲਉ ਜੇਕਰ ਇਤਨਾ ਕਿਹਾ ਪ੍ਰਵਾਨ ਹੋ ਜਾਵੇ ਤਾਂ ਹੀ ਸਤਿਗੁਰ ਜੀ ਦੀ ਦਰਗਾਹ ਵਿਚ ਮਾਣ ਸਤਿਕਾਰ ਪਾ ਸਕਦੇ ਹਾਂ। ਆਉ ਰਲ ਮਿਲ ਕੁਝ ਕਰ ਲਈਏ ਇਹ ਸਾਡਾ ਕਰਤੱਵ ਹੈ ਸਾਡਾ ਵਿਰਸਾ ਹੈ।

---

# ਹੰਡ੍ਰਡ ਇਨ ਵਨ

ਇਕ ਸਮਾਂ ਐਸਾ ਆਇਆ ਕਿ ਮੇਰੇ ਪਿਤਾ ਜੀ ਨੇ ਮੈਨੂੰ ਸਕੂਲ ਪੜ੍ਹਨੇ ਪਾ ਦਿੱਤਾ, ਉਥੇ ਇਕ ਦੋਸਤ ਬਣ ਗਿਆ। ਇਕ ਦਿਨ ਆਪਣੇ ਘਰੇ ਲੈ ਗਿਆ। ਹਸਦਿਆਂ ਖੇਡਦਿਆਂ ਰੋਟੀ ਭੀ ਖਿਲਾਈ। ਚੰਗੀ ਦੋਸਤੀ ਨਿਭੀ। ਇਹ ਕੋਇਟੇ ਦੀ ਗੱਲ ਹੈ। 1935 ਦੀ। ਫਿਰ ਮੇਰੇ ਪਿਤਾ ਜੀ ਜੋ ਸੰਤ ਗੁਰਮੁਖ ਸਿੰਘ ਜੀ ਚਕਰਵਰਤੀ ਸਨ, ਕੀਰਤਨਾਂ ਦੇ ਪ੍ਰੋਗਰਾਮ ਅਨੁਸਾਰ ਦੇਸ਼ਾਂ ਪ੍ਰਦੇਸ਼ਾਂ ਵਿਚ ਚੱਕਰ ਲਗਦੇ ਰਹਿਣ ਕਰਕੇ, ਮੇਰਾ ਸਕੂਲ ਭੀ ਛੁਟ ਗਿਆ। ਉਹ ਦੋਸਤ ਭੀ ਵਿਛੜ ਗਿਆ।

ਵੀਹ ਬਾਈ ਸਾਲਾਂ ਬਾਅਦ ਕਿਤੇ ਫੇਰ ਉਹ ਦੋਸਤ ਦਾ ਮਿਲਾਪ ਹੋਇਆ। ਬੜੀ ਖੁਸ਼ੀ ਹੋਈ। ਹਾਲ ਚਾਲ, ਪੁਛ ਗਿਛ। ਮੈਂ ਕਿਹਾ ਕਿ ਮੈਂ ਤਾਂ ਮਹਾਂ ਪੁਰਸ਼ਾਂ ਨਾਲ ਕਥਾ ਕੀਰਤਨ ਪਾਠਾਂ ਦੀ ਹੀ ਪੜ੍ਹਾਈ ਕੀਤੀ ਹੈ। ਉਹ ਦੋਸਤ ਨੇ ਕਿਹਾ ਮੈਂ ਤਾਂ ਸਾਇੰਸ ਪੜ੍ਹਦਾ ਹਾਂ। ਆ ਵੀਰ ਮੈਂ ਤੈਨੂੰ ਇਕ ਚੀਜ਼ ਦਿਖਾਵਾਂ। ਮੈਂ ਕਿਹਾ, 'ਦਿਖਾ'। ਉਸ ਨੇ ਮੇਰੇ ਅੱਗੇ ਇਕ ਛੋਟਾ ਜਿਹਾ ਕਾਲੇ ਰੰਗ ਦਾ ਬਕਸਾ ਰੱਖ ਦਿੱਤਾ ਤੇ ਕਹਿਣ ਲੱਗਾ, 'ਵੀਰ ਇਸਨੂੰ ਪਤਾ ਹੈ ਕੀ ਕਹਿੰਦੇ ਹਨ?' ਮੈਂ ਕਿਹਾ, 'ਮੈਨੂੰ ਨਹੀਂ ਪਤਾ' ਉਸਨੇ ਮੈਨੂੰ ਪਿਆਰ ਨਾਲ ਕਿਹਾ ਕਿ ਵੀਰ ਇਸਨੂੰ ਕਹਿੰਦੇ ਹਨ 'ਟੂ ਇਨ ਵਨ'।

ਮੈਂ ਕਿਹਾ, 'ਕੀ ਮਤਲਬ?' ਵਨ ਮੈਹਨਾ, ਇਹ ਇਕ ਬਕਸਾ ਹੈ। ਟੂ ਇਨ ਵਨ ਦਾ ਮਤਲਬ ਹੈ ਕਿ ਇਹ ਕੰਮ ਦੋ ਕਰਦਾ ਹੈ। ਮੈਂ ਕਿਹਾ, 'ਦੋ ਕਿਹੜੇ?'

ਉਸ ਦਾ ਸਵਿਚ ਦੱਬਿਆ ਤੇ ਰੇਡੀਓ ਬੋਲ ਪਿਆ। ਮੈਂ ਕਿਹਾ, 'ਵਾਹ! ਤੇ ਦੂਜਾ ਕੰਮ?' ਤਾਂ ਉਸਨੇ ਪਿਤਾ ਜੀ ਦੇ ਕੀਰਤਨ ਦੀ ਟੇਪ ਬਣਾਈ ਸੀ, ਉਹ ਟੇਪ ਵਿਚ ਪਾ ਕੇ ਸਵਿਚ ਆਨ ਕੀਤਾ ਤਾਂ ਪਿਤਾ ਜੀ ਦਾ ਕੀਰਤਨ ਹੋਣ ਲਗ ਪਿਆ। ਕੀਰਤਨ ਵਿਚ ਮੇਰੀ ਭੀ ਆਵਾਜ਼ ਸੀ, ਬੜੀ ਖੁਸ਼ੀ ਹੋਈ। ਨਾਲੇ ਹੈਰਾਨਗੀ ਵੀ ਹੋਈ, ਤਾਂ ਉਸ ਨੇ ਕਿਹਾ, 'ਦੇਖਿਐ ਵੀਰ, ਮੈਂ ਤੈਨੂੰ ਕੈਦ ਕਰ ਲਿਆ ਹੈ ਆਪਣੀ ਟੇਪ ਵਿਚ। ਇਹ ਸਾਇੰਸ ਦੀ ਕਾਢ ਹੈ, ਤਾਂ ਤੇ ਇਸ ਨੂੰ ਕਹਿੰਦੇ ਹਨ 'ਟੂ ਇਨ ਵਨ'।

ਕੁਝ ਸਮੇਂ ਤੋਂ ਬਾਅਦ ਮੇਰੇ ਵਿਦਿਆ ਦਾਤੇ ਮਹਾਰਾਜ ਭੁਪਿੰਦਰ ਸਿੰਘ ਜੀ ਪਟਿਆਲਾ ਪਤੀ ਦੇ ਸਪੁੱਤਰ ਰਾਜ ਮਰਗਿੰਦ ਸਿੰਘ ਜੀ ਦੇ ਮਿਲਾਪ ਸਮੇਂ ਉਹਨਾਂ ਘਰੇ ਜਾਣਾ। ਉਹਨਾਂ ਨੇ ਮੇਰੇ ਘਰ ਆਉਣ ਸਮੇਂ ਵਿਦਿਆ ਦੇਣ ਲੈਣ ਵਿਚ ਸਮਾਂ ਸੋਹਣਾ ਖੁਸ਼ੀਆਂ ਭਰਿਆ ਗੁਜ਼ਰਿਆ।

ਇਕ ਵਾਰੀ ਰਾਜਾ ਸਾਹਿਬ ਜੀ ਅਮਰੀਕਾ ਚੱਕਰ ਲਾ ਆਏ ਤੇ ਮਿਲੇ, ਬੜੀ ਖੁਸ਼ੀ ਹੋਈ। ਰਾਜਾ ਸਾਹਿਬ ਜੀ ਨੇ ਮੈਨੂੰ ਗਿਫਟ ਦਿੱਤੀ ਤੇ ਕਹਿਣ ਲੱਗੇ, 'ਸੰਤ ਜੀ, ਇਸਨੂੰ ਕਹਿੰਦੇ, 'ਸੈਵਨ ਇਨ ਵਨ'। 'ਟੂ ਇਨ ਵਨ' ਤਾਂ ਦੇਖਿਆ ਸੀ। ਸੈਵਨ ਇਨ ਵਨ ਤਾਂ ਬੜੀ ਅਲੌਕਿਕ ਵਸਤੂ ਹੈ। ਉਹਨਾਂ ਖੋਲ੍ਹ ਕੇ ਇਕ ਇਕ ਕੰਮ ਦੱਸਿਆ। ਨੇਲ ਕਟਰ, ਕੈਂਚੀ, ਚਮਚਾ, ਕਾਂਟਾ, ਟੂਥ ਪਿਕ, ਬੋਤਲ ਦਾ ਕਾਕ ਖੋਲਣ ਵਾਲਾ ਤੇ ਨਹੁੰ ਰਗੜਨ ਵਾਲੀ ਰੇਤੀ। ਇਹ ਗਿਫਟ ਮੇਰੇ ਕੋਲ ਅਜੇ ਭੀ ਕਿਤੇ ਪਿਆ ਹੈ।

ਮੈਂ ਉਹਨਾਂ ਦਾ ਮਿੱਤਰ ਸੀ। ਰਾਜਾ ਸਾਹਿਬ ਜੀ ਮੈਨੂੰ ਕਹਿਣ ਲੱਗੇ, 'ਅਸੀਂ ਤੁਹਾਡੀ ਸਿਆਣਪ ਦਾ ਟੈਸਟ ਲੈਂਦੇ ਹਾਂ', ਮੈਂ ਕਿਹਾ, 'ਜੀ ਦੱਸੋ? ਤਾਂ ਕਹਿਣ ਲੱਗੇ, 'ਤੁਸੀਂ ਭੀ ਕੋਈ ਇਹੋ ਜਿਹਾ ਗਿਫਟ ਸਾਨੂੰ ਦਿਓ'।

ਮੈਂ ਇਕ ਮਿੰਟ ਸੋਚ ਕੇ ਕਿਹਾ, 'ਜੀ ਮੇਰੇ ਕੋਲ ਇਕ ਇਹੋ ਜਿਹਾ ਤੋਹਫਾ ਹੈ, ਉਸਨੂੰ ਕਹਿੰਦੇ ਹਨ 'ਹੰਡ੍ਰਡ ਇਨ ਵਨ' ਮਤਲਬ 'ਇਕ ਚੁਪ ਸੌ ਸੁਖ'।

*- ਸੰਤ ਗੁਰਚਰਨ ਸਿੰਘ*

ਡੇਰਾ ਬਾਬਾ ਜੱਸਾ ਸਿੰਘ ਪਟਿਆਲਾ।

# ਕੀਰਤਨ ਸ਼ੈਲੀ ਦਾ ਅਨਮੋਲ ਖਜ਼ਾਨਾ ਡੱਬਿਆਂ 'ਚ ਬੰਦ ਹੈ: ਸੰਗੀਤਕਾਰ ਉੱਤਮ ਸਿੰਘ

ਸਤਿਬੀਰ ਸਿੰਘ : **ਪੰਜਾਬੀ ਟ੍ਰਿਬਿਊਨ 'ਚੋਂ ਧੰਨਵਾਦ ਸਹਿਤ**

*ਖਾਲਸੇ ਦਾ ਅਵੇਸਲਾਪਣ ਕਹੀਏ ਜਾਂ ਨਿਆਰਾਪਣ ਖਾਲਸੇ ਰਾਹੀਂ ਉਸ ਦੇ ਰੂ-ਬ-ਰੂ ਹੋਣਾ ਚਾਹੁੰਦਾ ਸਾਂ ਪਰ ਖਾਲਸੇ ਦੇ ਇਸ ਪਾਸੇ ਧਿਆਨ ਨਾ ਧਰਨ ਕਰਕੇ ਸਿੱਖੀ ਨੂੰ ਦਿੱਤਾ ਜਾਣ ਵਾਲਾ ਸੰਗੀਤ ਦਾ ਅਨਮੋਲ ਖਜ਼ਾਨਾ ਡੱਬਿਆਂ ਵਿਚ ਬੰਦ ਹੋ ਕੇ ਰਹਿ ਗਿਆ ਹੈ। ਇਹ ਖਜ਼ਾਨਾ ਖਾਲਸੇ ਦੇ 300 ਸਾਲਾ ਸਾਜਨਾ ਦਿਵਸ 'ਤੇ ਰਿਲੀਜ਼ ਕੀਤਾ ਜਾਣਾ ਸੀ।* ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸੰਗੀਤ ਵਿਚ ਅੰਤਰਰਾਸ਼ਟਰੀ ਪ੍ਰਸਿੱਧੀ ਰੱਖਣ ਵਾਲੇ ਸਿੱਖ ਕੌਮ ਦੇ ਹੀਰੇ ਸੰਗੀਤਕਾਰ ਉੱਤਮ ਸਿੰਘ ਨੇ ਭਰੇ ਮਨ ਨਾਲ ਕੀਤਾ। ਉਹ ਇਥੇ ਜਵੱਦੀ ਟਕਸਾਲ ਦੀ ਮੁਖੀ ਬੀਬੀ ਜਸਬੀਰ ਕੌਰ ਖਾਲਸਾ ਦੇ ਗ੍ਰਹਿ ਵਿਖੇ ਗੈਰ ਰਸਮੀ ਗੱਲਾਂ ਕਰ ਰਹੇ ਸਨ।

ਉੱਤਮ ਸਿੰਘ ਨੇ ਦੱਸਿਆ ਸੰਤ ਬਾਬਾ ਸੁੱਚਾ ਸਿੰਘ ਜਵੱਦੀ ਵਾਲੇ (ਸਵਰਗੀ) ਗੁਰਮਤਿ ਸੰਗੀਤ ਨੂੰ ਵਿਸ਼ਵ ਪੱਧਰ 'ਤੇ ਸੰਗੀਤ ਦੀ ਦੁਨੀਆਂ ਵਿਚ ਬਹੁਤ ਉੱਚਾ ਵੇਖਣਾ ਚਾਹੁੰਦੇ ਸਨ। ਉਨ੍ਹਾਂ ਦੀ ਪ੍ਰੇਰਨਾ ਸਦਕਾ ਮੈਂ ਨਿਮਾਣਾ ਸਿੱਖ ਇਸ ਕਾਰਜ ਲਈ ਤਿਆਰ ਹੋ ਗਿਆ ਤੇ ਸ਼ਬਦਾਂ ਦੀ ਆਡੀਓ ਤੇ ਵੀਡਿਓ ਬਨਾਉਣ ਦਾ ਮਨ ਵਿਚ ਚਾਅ ਕੁਦ ਪਿਆ। ਉਸ ਵੇਲੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਵਰਗੀ ਗੁਰਚਰਨ ਸਿੰਘ ਟੌਹੜਾ ਅਤੇ ਮਨਜੀਤ ਸਿੰਘ ਕਲਕੱਤਾ ਸਕੱਤਰ ਨੇ ਵੀ ਹੌਸਲਾ ਦਿੱਤਾ। ਉਨ੍ਹਾਂ ਇਹ ਰਿਕਾਰਡ ਕੀਤੇ ਸ਼ਬਦ ਖੁਦ ਬੰਬਈ ਪੁੱਜ ਕੇ ਸਰਵਣ ਕੀਤੇ। ਉੱਤਮ ਸਿੰਘ ਨੇ ਦੱਸਿਆ ਕਿ ਇਹ ਵੱਡਮੁੱਲੀ ਰਿਕਾਰਡਿੰਗ 300 ਸਾਲਾ ਸਮਾਗਮ ਲਈ ਕਰ ਦਿੱਤੀ ਗਈ। ਸਿੱਖ ਸੰਗੀਤ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਸੀ ਕਿ ਇਸ ਰਿਕਾਰਡਿੰਗ ਵਿਚ 150 ਸੰਗੀਤਕਾਰ ਲਏ ਗਏ। ਹੁਣ ਤੱਕ ਸ਼ਬਦ ਕੇਵਲ ਵਾਜੇ ਅਤੇ ਤਬਲੇ ਨਾਲ ਹੀ ਸੁਣਾਏ ਜਾ ਰਹੇ ਹਨ। ਸ਼ਬਦਾਂ ਦੀ ਰੂਹ ਉਹੀ ਰੱਖੀ ਗਈ। ਸੰਗੀਤਮਈ ਗਾਇਨ ਨੂੰ ਨਵਾਂ ਰੂਪ ਦਿੱਤਾ ਗਿਆ। ਇਸ ਵਿਚ 7 ਸ਼ਬਦ ਰਿਕਾਰਡ ਕੀਤੇ ਗਏ। 'ਦੇਹ ਸ਼ਿਵਾ ਵਰ ਮੋਹਿ ਇਹਾ' ਸ਼ਬਦ ਟੌਹੜਾ ਸਾਹਿਬ ਦੇ ਕਹਿਣ 'ਤੇ ਤਿੰਨ ਮਿੰਟ ਦਾ ਸਪੈਸ਼ਲ ਰਿਕਾਰਡ ਕੀਤਾ ਗਿਆ। ਜਿਸ ਨੂੰ ਖਾਲਸਾ ਸਕੂਲਾਂ, ਕਾਲਜਾਂ ਵਿਚ ਨੈਸ਼ਨਲ ਐਨਥਮ ਵਜੋਂ ਗਾਇਆ ਜਾਣਾ ਸੀ। ਪਰ ਅੱਜ ਇਸ ਸੁਪਨੇ ਦੇ ਬਾਨੀ ਸੰਤ ਬਾਬਾ ਸੁੱਚਾ ਸਿੰਘ ਦੁਨੀਆਂ ਵਿਚ ਨਹੀਂ ਰਹੇ। 300 ਸਾਲਾਂ 'ਤੇ ਜਥੇਦਾਰ ਟੌਹੜਾ ਨੂੰ ਖਾਲਸਾ ਜਸ਼ਨਾਂ 'ਚੋਂ ਹੀ ਬਾਹਰ ਧੱਕ ਦਿੱਤਾ ਗਿਆ। ਹੁਣ ਇਸ ਵੱਡੇ ਬਜਟ ਦੀ ਰਿਕਾਰਡਿੰਗ ਨੂੰ ਕੌਣ ਹੱਥ ਪਾਵੇ, ਇਸ ਰਿਕਾਰਡਿੰਗ ਤੇ ਸੰਗੀਤਕਾਰ ਦੀ ਰੂਹ ਵਿਚਕਾਰ ਖਾਲਸੇ ਦੀ ਇਕ ਹੂਕ ਵਿਚਰ ਰਹੀ ਹੈ ਜਿਹੜੀ ਸੰਗੀਤਕਾਰ ਦੀ ਪੀੜ ਬਣ ਕੇ ਰਹਿ ਗਈ ਹੈ।

ਉਨ੍ਹਾਂ ਦੱਸਿਆ ਕਿ ਵੱਡੇ ਬਜਟ ਦੀ ਇਸ ਰਿਕਾਰਡਿੰਗ ਨੂੰ 22 ਦਿਨ ਲੱਗੇ ਅਤੇ ਇਸ ਲਈ ਇਕ ਸਾਲ ਭਰ ਪਹਿਲਾਂ ਰਿਹਰਸਲਾਂ ਹੁੰਦੀਆਂ ਰਹੀਆਂ। ਉਨ੍ਹਾਂ ਦੱਸਿਆ ਕਿ ਸੋਚਦਾਂ ਹਾਂ ਕਿ 'ਖੁਸ਼ਖਬਰੀ' ਫਿਲਮ ਬਣਾਵਾਂ ਅਤੇ ਇਹ ਸਾਰੀ ਰਿਕਾਰਡਿੰਗ ਦੁਆਲੇ ਇਹ ਧਾਰਮਿਕ ਫਿਲਮ ਘੁਮਾਈ ਜਾਵੇ। ਉਨ੍ਹਾਂ ਕਿਹਾ ਕਿ ਫਿਲਮ ਮੀਡੀਆ ਤੋਂ ਸਿੱਖ ਅਵੇਸਲੇ ਹਨ। ਜਦ ਕਿ ਇਸ ਮਾਧਿਅਮ ਨਹੀਂ 'ਨਾਨਕ ਨਾਮ ਜਹਾਜ' ਤੋਂ ਬਆਦ ਖਾਲਸਾ ਕੋਈ ਵੀ ਉੱਚ ਪਾਏ ਦੀ ਫਿਲਮ ਨਹੀਂ ਬਣਾ ਸਕਿਆ। ਉਨ੍ਹਾਂ ਫਿਲਮ ਮਾਧਿਅਮ ਦੇ ਵੱਧ ਪਸਾਰ ਦੀ ਉਦਾਹਰਣ ਦਿੰਦਿਆਂ ਕਿਹਾ ਕਿ 'ਜੋਰਜ' ਫਿਲਮ ਵਿਚ ਵੱਡੀ ਵੇਲਮੱਛੀ ਬੰਦਿਆਂ ਨੂੰ ਮਾਰ ਦਿੰਦੀ ਵਿਖਾਈ ਗਈ ਸੀ, ਇਸ ਫਿਲਮ ਦੇ ਰਿਲੀਜ਼ ਹੋਣ 'ਤੇ ਦੁਨੀਆਂ ਦੇ ਸਾਰੇ ਸਮੁੰਦਰੀ ਬੀਚ ਬੰਦ ਹੋ ਗਏ ਸਨ। ਸਮੁੰਦਰਾਂ ਦੇ ਕੰਢਿਆਂ 'ਤੇ ਸਭ ਕਾਰੋਬਾਰ ਠੱਪ ਹੋ ਗਏ ਸਨ। ਸਮੁੰਦਰ ਕੰਢਿਆਂ 'ਤੇ ਮੁੜ ਕਾਰੋਬਾਰ ਆਰੰਭ ਕਰਾਉਣ ਲਈ ਅਤੇ ਜੋਰਜ ਫਿਲਮ ਦੀ ਦਹਿਸ਼ਤ ਖਤਮ ਕਰਨ ਲਈ ਡੇਢ ਦਰਜਨ ਫਿਲਮਾਂ ਬਣਾਉਣੀਆਂ ਪਈਆਂ ਤਾਂ ਜਾ ਕੇ ਸਮੁੰਦਰੀ ਕਾਰੋਬਾਰ ਸ਼ੁਰੂ ਹੋਏ ਸਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਮਨ ਵਿਚ ਹੈ ਕਿ ਖੁਸ਼ਖਬਰੀ ਫਿਲਮ ਬਣਾ ਕੇ ਗੁਰਮਤਿ ਦੀ ਉੱਚੀ ਗਾਇਨ ਸ਼ੈਲੀ ਸੰਸਾਰ ਸਾਹਮਣੇ ਰੱਖੀ ਜਾਵੇ। ਇਹ ਸੁਪਨਾ ਕਦ ਪੂਰਾ ਹੋਵੇਗਾ ਉਸ ਅਕਾਲ ਪੁਰਖ ਦੇ ਹੀ ਹੱਥ ਹੈ।

ਜਦੋਂ ਉਨ੍ਹਾਂ ਤੋਂ ਪੁੱਛਿਆ ਗਿਆ ਕਿ ਸਿੱਖ ਮੱਤ ਦੇ ਏਡੇ ਵੱਡੇ ਖਜ਼ਾਨੇ ਨੂੰ ਰਿਲੀਜ਼ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੁਝ ਨਹੀਂ ਕਰ ਰਹੀ ਤਾਂ ਉਨ੍ਹਾਂ ਕਿਹਾ ਕਿ ਜਾਪਦਾ ਹੈ ਕਿ ਸੂਝ ਤੇ ਤਪੱਸਿਆ ਵਾਲੇ ਲੋਕ ਸ਼੍ਰੋਮਣੀ ਕਮੇਟੀ ਅੰਦਰ ਮੌਜੂਦ ਨਹੀਂ। ਵਰਨਾ ਇਹ ਖਜ਼ਾਨਾ 300 ਸਾਲਾ ਸਮਾਰੋਹਾਂ 'ਤੇ ਰਿਲੀਜ਼ ਹੋ ਜਾਂਦਾ ਤੇ ਅਸੀਂ ਸਿੱਖ ਸੰਸਾਰ ਨੂੰ ਦੱਸ ਸਕਦੇ ਗੁਰਮਤਿ ਸੰਗੀਤ ਸੰਸਾਰ ਦੀ ਰੂਹ ਨੂੰ ਹਿਲਾ ਸਕਣ ਦੀ ਸਮਰੱਥਾ ਰੱਖਦਾ ਹੈ।

ਜਦੋਂ ਉਨ੍ਹਾਂ ਤੋਂ ਉਨ੍ਹਾਂ ਦੇ ਜੀਵਨ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਉਹ ਚਾਰ ਸਾਲ ਦੀ ਉਮਰ ਤੋਂ ਗਾ ਰਿਹਾ ਹੈ ਤੇ ਪੰਜ ਸਾਲ ਤੋਂ ਕਮਾ ਰਿਹਾ ਹੈ। 5 ਸਾਲ ਤੋਂ 12 ਸਾਲ ਉਮਰ ਤੱਕ ਪੂਰੇ ਦੇਸ਼ ਵਿਚ ਪਿਤਾ ਜੀ ਨਾਲ ਕੀਰਤਨ ਕੀਤਾ ਤੇ ਸਿੱਖਿਆ। 5 ਸਾਲ ਵਿਚ ਘੜਾ ਵਜਾਣਾ ਸਿੱਖਿਆ, 7 ਸਾਲ ਦੀ ਉਮਰ ਵਿਚ ਤਬਲਾ, 6 ਮਹੀਨੇ ਸਿਤਾਰ ਸਿੱਖੀ, ਦੋ ਸਾਲ ਵੋਕਲ ਸੰਗੀਤ ਦੀ ਸਿੱਖਿਆ ਲਈ, ਵਾਇਲਨ ਸਿੱਖੀ। 1960 ਵਿਚ ਪਿਤਾ ਜੀ ਨਾਲ ਬੰਬਈ ਪੱਜ ਗਿਆ। ਉਥੇ ਵੈਸਟਰਨ ਕਲਾਸੀਕਲ ਟ੍ਰੇਨਿੰਗ ਆਫ ਵਾਇਲਨ ਦੀ ਧੁੰਮ ਪੈ ਗਈ। ਮਦਨਜੀਤ, ਓ.ਪੀ. ਨਈਅਰ, ਕਲਿਆਣ ਜੀ ਆਨੰਦ ਜੀ, ਲਕਸ਼ਮੀ ਕਾਂਤ, ਪਿਆਰੇ ਲਾਲ ਨਾਲ ਸਹਾਇਕ ਸੰਗੀਤਕਾਰ ਦੇ ਤੌਰ 'ਤੇ ਕੰਮ ਕੀਤਾ। 1965 ਵਿਚ ਫਿਲਮਾਂ ਨੂੰ ਧੁਨਾਂ ਬਣਾ ਕੇ ਦਿੱਤੀਆਂ।

ਹੁਣ ਤੱਕ ਦੇਸ਼ ਦੀਆਂ ਸਾਰੀਆਂ ਭਾਸ਼ਾਵਾਂ ਦੀਆਂ ਫਿਲਮਾਂ ਵਿਚ ਮਿਊਜ਼ਿਕ ਦੇ ਚੁੱਕਿਆ ਹਾਂ ਜਿਨ੍ਹਾਂ ਵਿਚ ਮੈਨੇ ਪਿਆਰ ਕੀਆ, ਹਮ ਆਪਕੇ ਹੈਂ ਕੌਨ, ਪੇਂਟਰ ਬਾਬੂ, ਵਾਰਸ, ਮੇਰੇ ਪਿਆਰ ਕੀ ਉਮਰ ਹੋਈ ਇਤਨੀ, ਦਿਲ ਤੋ ਪਾਗਲ ਹੈ, ਗਦਰ, ਹੀਰੋ, ਪਿੰਜਰ, ਮੁਗਲੇ ਆਜ਼ਮ ਆਦਿ ਤੋਂ ਇਲਾਵਾ ਇਸ ਵੇਲੇ ਤਾਜ ਮਹਿਲ ਦਾ ਕੰਮ ਚਲ ਰਿਹਾ ਹੈ। ਮੇਰੀ ਉਮਰ ਦੇ ਸਾਰੇ ਪੜਾਅ ਸੰਗੀਤ ਸਾਧਨਾ ਨੂੰ ਸਮਰਪਤ ਹਨ।

ਉਨ੍ਹਾਂ ਨੂੰ ਮਿਲਣ ਉਪਰੰਤ ਇਹ ਅਹਿਸਾਸ ਹੋਇਆ ਕਿ ਸਿੱਖ ਸਮਾਜ ਪਾਸ ਹੀਰੇ ਮੌਜੂਦ ਹਨ ਪਰ ਸਿੱਖੀ ਦੇ ਠੇਕੇਦਾਰ ਬਣੇ ਬੈਠੇ ਸਿਆਸਤਦਾਨਾਂ ਤੇ ਧਾਰਮਿਕ ਪ੍ਰਬੰਧਕਾਂ ਨੂੰ ਐਸੇ ਉੱਚ ਪਾਏ ਅਨੁਭਵੀ ਬੰਦਿਆਂ ਦੀ ਪਛਾਣ ਨਹੀਂ।

# ਭਾਈ ਗੁਰਮੀਤ ਸਿੰਘ ਜੀ 'ਸਾਂਤ'

ਭਾਈ ਅਵਤਾਰ ਸਿੰਘ ਹੰਸ : ਗੁਰਮਤਿ ਸੰਗੀਤ ਵਿਦਿਆਲਾ, ਮਸਤੂਆਣਾ ਸਾਹਿਬ (ਸੰਗਰੂਰ)

ਭਾਈ ਸਾਹਿਬ ਭਾਈ ਗੁਰਮੀਤ ਸਿੰਘ ਜੀ 'ਸਾਂਤ' (ਜਲੰਧਰ ਵਾਲੇ) ਗੁਰੂ ਘਰ ਦੇ ਮਹਾਨ ਕੀਤਰਨੀਏ ਹਨ। ਜੋ ਗੁਰਮਤਿ ਸੰਗੀਤ ਪ੍ਰੰਪਰਾ ਅਨੁਸਾਰ, ਨਿਰਧਾਰਤ ਰਾਗਾਂ ਵਿਚ ਪ੍ਰੰਪਰਾਗਤਿ ਕੀਰਤਨ ਕਰਦੇ ਹਨ। ਭਾਈ ਗੁਰਮੀਤ ਸਿੰਘ ਜੀ ਦਾ ਜਨਮ 13 ਅਪ੍ਰੈਲ 1968 ਵਿਚ ਮਾਤਾ ਬਲਬੀਰ ਕੌਰ ਦੀ ਕੁੱਖੋਂ ਭਾਈ ਬਿਸ਼ਨ ਸਿੰਘ ਜੀ ਦੇ ਘਰ ਪਿੰਡ ਮੁਢਲੇ ਜ਼ਿਲ੍ਹੇ ਅੰਮ੍ਰਿਤਸਰ ਸਾਹਿਬ ਵਿਖੇ ਹੋਇਆ ਚਾਰ ਪੀੜ੍ਹੀਆਂ ਤੋਂ ਇਹਨਾਂ ਦੇ ਪ੍ਰਚਾਰ ਦਾ ਗੁਰਮਤਿ ਸੰਗੀਤ ਨਾਲ ਸਬੰਧ ਹੈ। ਦਾਦਾ, ਪੜਦਾਦਾ ਜੀ ਕੀਰਤਨ ਨਾਲ ਜੁੜੇ ਹੋਏ ਸਨ। ਪਿਤਾ ਭਾਈ ਕ੍ਰਿਸ਼ਨ ਸਿੰਘ ਜੀ ਵੀ ਸਿਆਣੇ ਕੀਰਤਨੀਏ ਹਨ। ਸੰਗੀਤ ਦੀ ਮੁਢਲੀ ਤਾਲੀਮ ਪਿਤਾ ਜੀ ਪਾਸੋਂ ਛੋਟੀ ਉਮਰੇ ਲੈਣੀ ਅਰੰਭ ਕੀਤੀ।

ਭਾਈ ਗੁਰਮਤਿ ਸਿੰਘ ਨੇ ਕਈ ਗੁਣੀਜਨ ਉਸਤਾਦਾਂ ਪਾਸੋਂ ਸੰਗੀਤ ਦੀ ਵਿਦਿਆ ਪ੍ਰਾਪਤ ਕੀਤੀ ਹੈ। ਜਿਥੋਂ ਵੀ ਗੁਣ ਮਿਲੇ ਪ੍ਰਾਪਤ ਕਰ ਲੈਂਦੇ ਹਨ। ਸਖ਼ਤ ਮਿਹਨਤ ਤੇ ਰਿਆਜ਼ ਕਰ ਕੇ ਆਪ ਜੀ ਨੇ ਗੁਰਬਾਣੀ ਕੀਰਤਨ ਤੇ ਭਾਰਤੀ ਸੰਗੀਤ ਦੀਆਂ ਪ੍ਰਮੁੱਖ ਗਾਇਨ ਸ਼ੈਲੀਆਂ ਦਾ ਗਿਆਨ ਪ੍ਰਾਪਤ ਕੀਤਾ। ਗਾਇਕੀ ਦੀਆਂ ਸੂਖਮ ਬਾਰੀਕੀਆਂ ਸਿਖ ਕੇ ਕੀਰਤਨ ਖੇਤਰ ਵਿਚ ਪ੍ਰਵੇਸ਼ ਕੀਤਾ।

ਇਹਨਾਂ ਨੂੰ ਬਚਪਨ ਵਿਚ ਮਹਾਨ ਸੰਗੀਤਕਾਰ ਭਾਈ ਗਿਆਨ ਸਿੰਘ 'ਅਲਮਸਤ' ਰਾਗੀ ਭਾਈ ਬਖਸ਼ੀਸ਼ ਸਿੰਘ ਜੀ, ਪ੍ਰਸਿੱਧ ਰਬਾਬੀ ਭਾਈ ਜੱਸਾ ਸਿੰਘ ਪਾਲਾ ਸਿੰਘ ਹੁਰਾਂ ਨੂੰ ਬਹੁਤ ਪਿਆਰ ਬਖਸ਼ਿਆ ਤੇ ਅਸ਼ੀਰਵਾਦ ਦਿੱਤਾ ਕਿ ਇਹ ਬਾਲਕ ਵੱਡਾ ਹੋਕੇ ਮਹਾਨ ਕੀਰਤਨੀਆ ਬਣੇਗਾ ਤੇ ਪ੍ਰਸਿੱਧੀ ਪ੍ਰਾਪਤ ਕਰੇਗਾ।

ਗੁਰੂ ਮਹਾਰਾਜ ਜੀ ਦੀ ਅਪਾਰ ਰਹਿਮਤ ਸਦਕਾ ਤੇ ਗੁਣੀ ਜਨਾਂ ਦੇ ਅਸ਼ੀਰਵਾਦ ਸਦਕਾ ਆਪ ਜੀ ਛੋਟੀ ਉਮਰ ਵਿਚ ਹੀ ਨਾਮਵਰ ਰਾਗੀ ਬਣ ਗਏ ਤੇ ਦੇਸ਼ਾਂ ਵਿਦੇਸ਼ਾਂ ਵਿਚ ਚੰਗਾ ਨਾਮਣਾ ਜਸ ਖੱਟਿਆ। ਲਾਇਲਪੁਰ ਖਾਲਸਾ ਸਕੂਲ ਜਲੰਧਰ ਤੋਂ ਮੈਟ੍ਰਿਕ ਪਾਸ ਕੀਤੀ ਇਥੋਂ ਹੀ ਗਿਆਨੀ ਦਾ ਕੋਰਸ ਪਾਸ ਕੀਤਾ। ਸੰਗੀਤ ਵਿਸ਼ਾਰਦ ਬੀ. ਏ. ਦਾ ਡਿਪਲੋਮਾ ਹਾਸਲ ਕੀਤਾ।

ਸਕੂਲ ਵਿਚ ਪੜ੍ਹਦਿਆਂ ਸ਼ਬਦ ਗਾਇਨ ਮੁਕਾਬਲਿਆਂ ਵਿਚ ਆਪ ਹਮੇਸ਼ਾਂ ਫਸਟ ਡਵੀਜ਼ਨ ਤੇ ਆਉਂਦੇ। 1972 ਵਿਚ ਭਾਈ ਗੁਰਮੀਤ ਸਿੰਘ ਜੀ ਨੇ ਆਪਣੇ ਰਾਗੀ ਜੱਥਾ ਤਿਆਰ ਕਰ ਲਿਆ ਸੀ। 280 ਦੇ ਕਰੀਬ ਪੁਰਾਤਨ ਬੰਦਸ਼ਾਂ ਦਾ ਆਪ ਜੀ ਪਾਸ ਖਜਾਨਾ ਸੁਰੱਖਿਅਤ ਹੈ। ਕਠਿਨ ਰਾਗਾਂ ਤੇ ਕਠਿਨ ਤਾਲਾਂ ਵਿਚ ਵਿਚ ਆਪ ਬੜੀ ਸਰਲਤਾ ਨਾਲ ਗਾਇਨ ਕਰ ਸਕਦੇ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਵਿੱਤਰ ਬਾਣੀ ਦਾ ਗਾਇਨ ਵੀ ਆਪ ਜੀ ਬਾਖੂਬੀ ਕਰਦੇ ਹਨ। ਸ਼ਬਦ ਗੁਰੂ ਦੀ ਇਲਾਹੀ ਬਖਸ਼ਿਸ ਸਦਕਾ ਸੰਗਤਾਂ ਨੇ ਬੇਹੱਦ ਮਾਨ ਸਨਮਾਨ ਬਖਸ਼ਿਆ। ਗੁਰਮਤਿ ਸੰਗੀਤ ਦੇ ਪੁਨਰ ਸਥਾਪਿਤਕਾਰ ਸੰਤ ਬਾਬਾ ਸੁੱਚਾ ਸਿੰਘ ਜੀ ਵਲੋਂ ਆਪ ਜੀ ਨੂੰ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਜਵੱਦੀ ਕਲਾ ਵਿਖੇ ਗੁਰਮਤਿ ਸੰਗੀਤ ਐਵਾਰਡ ਪ੍ਰਦਾਨ ਕੀਤਾ। ਐਚ. ਐਮ. ਵੀ. ਅਤੇ ਟੀ ਸੀਰੀਜ਼ ਕੰਪਨੀ ਵਿਚ ਆਪ ਜੀ ਦੀ ਮਧੁਰ ਅਵਾਜ ਵਿਚ ਕਈ ਕੈਸਟਾਂ ਤਿਆਰ ਕੀਤੀਆਂ ਹਨ। ਜਿਨ੍ਹਾਂ ਵਿਚੋਂ 'ਜੈ ਤੇਗੀ, ਛਨਕਾਰ ਤੇਰੇ ਤੀਰਾਂ ਦੀ, ਪੰਥ ਖਾਲਸਾ ਭਇਓ ਧੁਨੀ ਤਾ' ਬਹੁਤ ਮਕਬੂਲ ਹੋਈਆਂ। ਸ਼ਾਂਤ ਮਿਉਜਿਕ ਕੰਪਨੀ' ਵਿਚ ਤਿਆਰ ਕੈਸਟ ਆਜਿ ਮੋਰੈ ਆਇ ਹੈ (ਕਲਾਸੀਕਲ) ਕਾਬਲੇ ਤਾਰੀਫ ਹੈ। ਆਸ ਕਰਦੇ ਹਾਂ ਭਾਈ ਸਾਹਿਬ ਜੀ ਕਵੀ ਕੀਰਤਨ ਪਰੰਪਰਾ ਨੂੰ ਬਰਕਰਾਰ ਰੱਖਦੇ ਹੋਏ ਸੰਗਤਾਂ ਨੂੰ ਇਸ ਇਲਾਹੀ ਬਖਸ਼ਿਸ਼ ਦੁਆਰ ਸ਼ੁਧ ਗੁਰੂ ਲਾਲ ਜੋੜਨਗੇ।

## Religion Based Census Figures 2001-Declining Sikh Population

Er. Mohinder Singh : # 457, Phase IV, Mohali

The religious composition census data of country's population released by the Census Commissioner, on 6th Sept. 04, with a revised version, is bound to cause adverse repercussions on Sikh identity. But as expected the Sikh leadership/ institutions have yet to come out of their chronic slumber to appraise the causes of declining Sikh population from 24.3% to 18.2% in 2001 in comparison to 1991 figures. We have been wasting enough of resources by celebrating number of 'Shatabdis' building up & renovating thousands of Gurudwara infrastructures, frequently holding 'Chetana' Marches/ 'Nagar Kirtans', daily 'Langars' and countless 'Kirtan Darbars', yet our population is declining rather than attracting new entrants. The "Wake up call" need to be understood seriously and to addressing ourselves for revising our priorities,. besides maintaining basic religious 'Maryada'. Our current religious agenda is ignoring Sikh. Youths economic development, check on large scale socio-economic migration of Sikh peasantry and absence of effective counselling for arresting varying evils that crept into Sikh heritage.

The central principles of "Kirt Karna" and "Wand Chhakna" are being generally bypassed in preference to over utilizing infrastructures & financial resources on various forms of "Naam Japna". The causes are yet to be appraised & planning for long-term solutions have yet to be worked out to check wide scale drugs/alcohol abuses, social evils, apostrophes; female-feticide, rural-illiteracy, large scale school drop-outs and providing counselling to arrest un-employment among youths & 'peasantry & Vanjaras.

Many articles/booklets had been published and seminars were held in past about the historic contribution of Vanjaras/Sikligars/Satnamis and showing concern for their poor livings. Sikh in intellectuals estimated their population ranging between 6-8 crores mainly concentrating in the states of Maharashtra, Madhya Pradesh,

Uttranchal, Himachal, Jharkhand, Rajasthan, Andhra, Karnataka, UP & many others. Each of such states is estimated to house over one crore of such tribes since centuries-in addition to general Sikh population settled there. All these tribes are called Nanak-Panthis & following Sikh faith irrespective of being Kesadharis or not. But the religion census figures confirm having excluded them for reasons best known to census agencies. Out of total 1.9 crores of Sikh population, except in

Punjab (1,45,92,387) the total Sikh population in all other states is not more than few lakhs each (Maharashtra 2,15,337-Delhi 5,55,602- MP 1,50,772-Rajasthan 8,18,420-UP 6,78,059-Jharkhand 83,358 Andhra 30,998-Haryana 11,70662- Jammu & Kashmir 2,07,154 - Himachal 72,355 -Karnataka 15,326 - Chandigarh 1,45,175). It can be safely concluded that whole Vanjara tribes scattered in different states are either ignored or enumerated as 'Hindus' or might have been converted to other sects, after being continuously discriminated & ignored by main Sikh stream.

All Sikh institutions, including SGPC/ DSGMC, and others outside punjab were given a call by the Trust for Welfare of Vanjaras, vide circular VT/ Census-dated 28-11-2000, (followed by visits) sufficient in advance of start of census in Feb. 2001, to guide the tribes to enlist themselves as Sikhs under religion column. Alas! The timely message and awareness drive carried out by the undersigned single handed during visit to these states in the year 2000-2001, remained ineffective & openly ignored. On the other hand, as per news report, the Christians & Jains campaigned brilliantly through their field volunteers to ensure enlisting of their followers by spot check of formats prepared by enumerators before signing by the members. These religions thus succeeded to establish their distinct identity with creditable growth rate & higher literacy rate. The Jains have successfully come out of Hindu fold by enlisting themselves separate affluent religion for the first time. We badly missed the opportunity till 2011.

I conclude with humble request to each of the Sikh leaders, Institutions, Missions, NGOs and Individual to ponder over the damage already committed, without wasting-time in blaming game, and adopt new ways & means for consolidated joint efforts by practicing true Sikh values and conceiving fresh promotional programmes for attracting strayed youth, Nanak Panthis & Sehajdharis etc; honourably back to Sikh mainstream.

## ਸੁਰ ਲਿਪੀਆਂ

ਭਾਈ ਜਸਪਾਲ ਸਿੰਘ ਜਵੱਦੀ : ਬਾਬਾ ਸੁੱਚਾ ਸਿੰਘ, ਗੁਰਮਤਿ ਸੰਗੀਤ ਅਕੈਡਮੀ, ਤਰਨ-ਤਾਰਨ

*ਰਾਗੁ ਦੇਵਗੰਧਾਰੀ*

**ਥਾਟ:** ਬਿਲਾਵਲ (ਆਸਾਵਰੀ ਅੰਗ) **ਵਾਦੀ:** ਮ (ਮਧਿਅਮ) **ਸੰਵਾਦੀ:** ਸ (ਸ਼ੜਜ਼)

**ਜਾਤੀ:** (ਔੜਵ-ਸੰਪੂਰਨ) **ਗਾਉਣ ਦਾ ਸਮਾਂ:** ਦਿਨ ਦਾ ਦੂਸਰਾ ਪਹਿਰ

**ਸੁਰ:** ਦੋਨੋਂ ਧੈਵਤ, ਦੋਨੋਂ ਨਿਸ਼ਾਦ, ਬਾਕੀ ਸਭ ਸ਼ੁੱਧ। **ਵਰਜਿਤ ਸੁਰ:** ਅਰੋਹ ਵਿਚ ਗ ਤੇ ਨੀ

**ਆਰੋਹ:** ਸ ਰੇ ਮ, ਪ ਧ ਸਂ।

**ਅਵਰੋਹ:** ਸਂ ਨੀ ਧ ਪ, ਮ ਪ, ਧੁ ਨੁੀ ਧੁ ਪ, ਮ ਗ ਰੇ ਸ।

**ਪਕੜ:** ਧੁ ਨੁੀ ਧ ਪ, ਮ ਗ, ਸ ਰੇ ਮ, ਗ ਸ ਰੇ ਗ ਸ।

ਤੀਨ ਤਾਲ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| x | | | | 2 | | | | 0 | | | | 3 | | | |
| | | | | | **ਸਥਾਈ** | | | ਮਪ | ਧੁਨੁੀ | ਧੁ | ਪ | ਮ | ਗਰੇ | ਸ | ਰੇ |
| | | | | | | | | *ਸੰS* | *SS* | *ਤ* | *ਤੁ* | *ਮਾ* | *SS* | *ਰੇ* | *S* |
| ਮ | ਮ | ਪ | ਪ | ਪਧੁ | ਨੁੀ | ਧੁ | ਪ | ਮ | ਮ | ਪ | ਧ | ਸਂ | ਸਂ | ਸਂ | ਸਂ |
| *ਤੁ* | *ਮ* | *ਰੇ* | *S* | *ਪ੍ਰੀS* | *S* | *ਤ* | *ਮ* | *ਤਿ* | *ਨ* | *ਕ* | *ਉ* | *ਕਾ* | *S* | *ਲ* | *ਨਾ* |
| ਨੀ | ਧ | ਨੀ | ਧ | ਸਂ | ਸਂ | ਸਂ | ਸਂ | ਸਂ | ਨੀ | ਧ | ਪ | ਧੁ | ਨੁੀ | ਧੁ | ਪ |
| *ਖਾ* | *S* | *S* | *S* | *ਤੇ* | *S* | *S* | *S* | *ਤਿ* | *ਨ* | *ਕ* | *ਉ* | *ਕਾ* | *S* | *ਲ* | *ਨਾ* |
| ਮਪ | ਧੁਨੀ | ਧੁਪ | ਮਗ | ਰੇਗ | ਸਰੇ | ਮਮ | ਪ | | | | | | | | |
| *ਖਾS* | *SS* | *SS* | *SS* | *ਤੇS* | *SS* | *SS* | *S* | | | | | | | | |
| | | | | | **ਅੰਤਰਾ** | | | ਮ | ਮ | ਮ | ਮ | ਪ | ਧ | ਸਂ | ਸਂ |
| | | | | | | | | *ਹ* | *S* | *ਰਿ* | *S* | *ਪ੍ਰਾ* | *S* | *ਨ* | *ਪ੍ਰ* |
| ਸਰੇ | ਗਰੇ | ਗਰੇ | ਸਂਨੀ | ਧਨੀ | ਪਧ | ਸਂ | ਸਂ | ਸਂ | ਨੀ | ਧ | ਪ | ਧੁ | ਨੁੀ | ਧੁ | ਪ |
| *ਭੂS* | *SS* | *SS* | *ਸੁਖ* | *ਦਾS* | *SS* | *ਤੇ* | *S* | *ਗੁ* | *ਰ* | *ਪ* | *ਰ* | *ਸਾ* | *ਦਿ* | *ਕਾ* | *ਹੂ* |
| ਮਪ | ਧੁਨੁੀ | ਧੁਪ | ਮਗ | ਰੇਗ | ਸਰੇ | ਮਮ | ਪ | | | | | | | | |
| *ਜਾS* | *SS* | *SS* | *SS* | *ਤੇS* | *SS* | *SS* | *S* | | | | | | | | |

## ਸੁਰ-ਲਿਪੀ ਵਾਲੇ ਸ਼ਬਦਾਂ ਦੇ ਅਰਥ

ਮਨਮੋਹਨ ਸਿੰਘ

| | | |
|---|---|---|
| ਦੇਵ ਗੰਧਾਰੀ ਮਹਲਾ ੫ ॥ | **Dev Gandhari 5th Guru.** | ਦੇਵ ਗੰਧਾਰੀ ਪੰਜਵੀਂ ਪਾਤਿਸ਼ਾਹੀ। |
| ਹਰਿ ਪ੍ਰਾਨ ਪ੍ਰਭੂ ਸੁਖ ਦਾਤੇ ॥ | The Lord Master is my life. He is the Giver of peace. | ਪਰਮੇਸ਼ਵਰ ਪਾਰਬ੍ਰਹਮ ਮੇਰੀ ਜਿੰਦ ਜਾਨ ਹੈ। ਉਹ ਆਰਾਮ ਦੇਣ ਵਾਲਾ ਹੈ। |
| ਗੁਰ ਪ੍ਰਸਾਦਿ ਕਾਹੂ ਜਾਤੇ ॥੧॥ | By Guru's grace a few know Him. | ਗੁਰਾਂ ਦੀ ਰਹਿਮਤ ਸਦਕਾ ਕੋਈ ਵਿਰਲਾ ਹੀ ਉਸ ਨੂੰ ਜਾਣਦਾ ਹੈ। |
| ਰਹਾਉ ॥ | Pause. | ਠਹਿਰਾਉ। |
| ਸੰਤ ਤੁਮਾਰੇ ਤੁਮਰੇ ਪ੍ਰੀਤਮ ਤਿਨ ਕਉ ਕਾਲ ਨ ਖਾਤੇ ॥ | Thine saints are beloved of Thee. Them the death devours not. | ਤੇਰੇ ਸਾਧੂ ਤੈਨੂੰ ਪਿਆਰੇ ਹਨ। ਉਨ੍ਹਾਂ ਨੂੰ ਮੌਤ ਨਿਗਲਦੀ ਨਹੀਂ। |
| ਰੰਗਿ ਤੁਮਾਰੈ ਲਾਲ ਭਏ ਹੈ ਰਾਮ ਨਾਮ ਰਸਿ ਮਾਤੇ ॥੧॥ | They are dyed red in Thy love, with the Nectar of the Lord's Name they are intoxicated. | ਤੇਰੇ ਪ੍ਰੇਮ ਵਿਚ ਉਹ ਸੂਹੇ ਰੰਗੇ ਗਏ ਹਨ, ਸੁਆਮੀ ਦੇ ਨਾਮ ਦੇ ਅੰਮ੍ਰਿਤ ਨਾਲ ਉਹ ਮਤਵਾਲੇ ਹੋਏ ਹੋਏ ਹਨ। |
| ਮਹਾ ਕਿਲਬਿਖ ਕੋਟਿ ਦੋਖ ਰੋਗਾ ਪ੍ਰਭ ਦ੍ਰਿਸਟਿ ਤੁਹਾਰੀ ਹਾਤੇ ॥ | The great sins and millions of distresses and diseases are destroyed by Thy gracious glance, O Lord. | ਭਾਰੇ ਅਪਰਾਧ, ਕ੍ਰੋੜਾਂ ਹੀ ਦੁਖੜੇ ਅਤੇ ਬੀਮਾਰੀਆਂ ਤੇਰੀ ਰਹਿਮਤ ਦੀ ਨਿਗ੍ਹਾ ਦੁਆਰੇ ਨਾਸ ਹੋ ਜਾਂਦੀਆਂ ਹਨ, ਹੇ ਸੁਆਮੀ! |
| ਸੋਵਤ ਜਾਗਿ, ਹਰਿ ਹਰਿ ਹਰਿ ਗਾਇਆ ਨਾਨਕ ਗੁਰ ਚਰਨ ਪਰਾਤੇ ॥੨॥੮॥ | Falling at the Guru's Feet, sleeping and waking, Nanak sings the Lord, Lord, Lord's praise. | ਗੁਰਾਂ ਦੀ ਪੈਰੀਂ ਪੈ ਕੇ, ਸੁੱਤਾ ਅਤੇ ਜਾਗਦਾ ਹੋਇਆ ਨਾਨਕ, ਪ੍ਰਭੂ, ਪ੍ਰਭੂ, ਪ੍ਰਭੂ ਦਾ ਜੱਸ ਗਾਇਨ ਕਰਦਾ ਹੈ। |